ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਇਕ ਸਿਦਕੀ ਸਿੱਖ

# ਸੂਬਾ ਮੀਹਾਂ ਸਿੰਘ ਜੀ



ਲੇਖਕ
ਪ੍ਰੀਤਮ ਸਿੰਘ ਕਵੀ

ਪ੍ਰਕਾਸ਼ਕ
ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ (ਲੁਧਿਆਣਾ)

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

JASPAL SINGH NAMDHARI
41 NEW MODEL TOWN
PHAGWARA (INDIA)

Sri Satguru Jagjit Singh Ji Elibrary NamdhariElibrary@gmail.com

## *ਇਕ ਸਿਦਕੀ ਸਿੱਖ*

# ਸੂਬਾ ਮੀਹਾਂ ਸਿੰਘ ਜੀ

ਦੋ ਸਾਲ ਪਹਿਲਾਂ, ਜਦੋਂ ਗੁਰੂ ਘਰ ਦੇ ਪ੍ਰੀਤਵਾਨ ਅਤੇ ਸਤਿਕਾਰੇ ਵੈਦ ਡਾ: ਤ੍ਰਿਲੋਕ ਸਿੰਘ ਜੀ ਦਾ ਸੁਰਗਵਾਸ ਹੋਇਆ, ਤਾਂ ਆਪ ਦੇ ਨਮਿਤ ਰਖੇ, ਪਾਠ ਦੇ ਭੋਗ ਸਮੇਂ ਸੰਗਤਾਂ ਨੂੰ ਸੰਬੋਧਨ ਕਰਦਿਆਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਸੀ : ਵਧੀਆ ਸਿਖ ਗੁਜ਼ਰਦੇ ਜਾ ਰਹੇ ਹਨ, ਨਵੇਂ, ਉਹਨਾਂ ਦੀ ਥਾਂ, ਉਹਨਾਂ ਜੈਸੇ, ਆ ਨਹੀਂ ਰਹੇ ।

ਇਹ ਕਥਨ ਸਾਰੇ ਸਮਾਜ ਨੂੰ ਝੰਜੋੜਨ ਵਾਲਾ ਸੀ ।

ਹੁਣ ਇਕ ਹੋਰ ਸੱਚੇ, ਸਿਦਕੀ ਅਤੇ ਸਿਰੜੀ ਸਿਖ ਦਾ ਦੇਹਾਂਤ ਹੋ ਗਿਆ ਹੈ । ਸੂਬਾ ਮੀਹਾਂ ਸਿੰਘ ਜੀ (ਗਦੋਂ ਡੋਬ ਗੁਰੂ ਸਰ, ਅਜ ਕਲ ਜ਼ਿ: ਫਰੀਦਕੋਟ) ੨੬ ਨਵੰਬਰ ੧੯੮੨ ਨੂੰ ਰਾਤੀਂ ੧੨.੨੫ ਵਜੇ ਅੰਤਮ ਸਵਾਸ ਪੂਰੇ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਜਾਂ ਬਿਰਾਜੇ ਹਨ ।

ਆਪਣੇ ਪਿਆਰੇ ਸਿਖ ਦੇ ਦਾਹ ਸੰਸਕਾਰ ਸਮੇਂ ਸ੍ਰੀ ਸਤਿਗੁਰੂ ਜੀ ਸ਼ਵ ਯਾਤਰਾ ਵਿਚ ਆਪ ਸ਼ਾਮਲ ਹੋਏ । ਹੋਰ ਸੰਗਤ ਦੇ ਨਾਲ ਗੁਰੂ ਪਰਵਾਰ ਵੀ ਅੰਤਮ ਵਿਦਾਇਗੀ ਸਮੇਂ ਕੋਲ ਸੀ । ਸੂਬਾ ਜੀ ਲੰਮੇ ਅਰਸੇ ਤੋਂ ਸ੍ਰੀ ਭੈਣੀ ਸਾਹਿਬ ਹੀ ਸਨ ।

... ... ... ... ...

ਗੁਜ਼ਰਨ ਤੋਂ ਦੋ ਦਿਨ ਪਹਿਲਾਂ, ਅਰਥਾਤ ੨੪ ਨਵੰਬਰ ਨੂੰ ਸਤਿਗੁਰੂ ਜੀ ਜਦੋਂ ਆਪਣੇ ਸਿਦਕੀ ਸਿਖ ਨੂੰ ਦਰਸ਼ਨ ਦੇਣ ਗਏ, ਤਾਂ ਇਸ ਲੇਖਕ ਨੂੰ ਵੀ, ਉਹ ਅਵਸਰ ਸਹਿਜ ਭਾ ਪ੍ਰਾਪਤ ਹੋ ਗਿਆ । ਵਧੀਆ, ਸਾਫ ਆਲੇ ਦੁਆਲੇ ਵਿਚ ਸਥਿਤ, ਇਕ ਖੁਲ੍ਹੇ ਕਮਰੇ ਦੇ ਬਾਹਰਵਾਰ ਧੁੱਪੇ ਵਿਛੇ ਮੰਜੇ ਉਤੇ ਇਕ ਪਰਮ ਬਿਰਧ ਸਰੀਰ ਪਿਆ ਸੀ । ਇਸ ਦੀ ਕਾਇਆਂ ਨੇ ੯੬ ਗਰਮੀਆਂ-ਸਰਦੀਆਂ ਹੰਢਾਈਆਂ ਪਰ ਆਪਣੀ ਮਾਨਸਿਕ ਪਰਕਿਰਿਆ ਨੂੰ ਕਦੇ ਵੀ ਵਿਚਲਤ ਨਹੀਂ ਸੀ ਹੋਣ ਦਿਤਾ । ਇਸ ਸਰੀਰ ਵਿਚ ਉਠ ਕੇ ਬੈਠਣ ਦੀ ਹਿੰਮਤ ਨਹੀਂ ਸੀ । ਇਸ ਦੇ ਵਰਤਮਾਨ ਸੇਵਕ ਸੰਤ ਅਪਾਰ ਸਿੰਘ (ਮਿਰਜ਼ਾਪੁਰ ਥੇੜ੍ਹ, ਸਰਸਾ) ਨੇ ਉਸਨੂੰ ਉਠਾਕੇ ਬਹਾਇਆ ਕਿਉਂਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਦੇ ਸਾਹਮਣੇ ਹੀ ਆਏ ਖਲੇ ਸਨ ।

ਸ੍ਰੀ ਸਤਿਗੁਰੂ ਜੀ ਨੇ ਉਠ ਕੇ ਬੈਠੇ ਇਸ ਬਿਰਧ ਮਹਾਂਪੁਰਖ ਸੂਬਾ ਮੀਹਾਂ ਸਿੰਘ ਜੀ ਦੇ ਮਸਤਕ ਦੇ ਨਜ਼ਦੀਕ ਆਪਣਾ ਚਰਨ ਕੀਤਾ । ਉਨ੍ਹਾਂ ਸਰਧਾ, ਪ੍ਰੇਮ ਅਤੇ ਸਤਿਕਾਰ ਪੂਰਵਕ, ਆਪਣਾ ਮੱਥਾ ਸ੍ਰੀ ਚਰਨਾਂ ਨੂੰ ਲਗਾਇਆ । ਉਨ੍ਹਾਂ ਦੇ ਭਗਵਾਨ, ਪਾਸ ਹੀ ਡੱਠੀ



Sri Satguru Jagjit Singh Ji Elibrary NamdhariElibrary@gmail.com

ਵਸਤਰ ਕੱਜੀ ਕੁਰਸੀ ਤੇ ਵਿਰਾਜਮਾਨ ਹੋ ਗਏ ।

ਸੂਬਾ ਮੀਹਾਂ ਸਿੰਘ ਜੀ ਏਨੀ ਉਮਰ ਵਿਚ ਵੀ ਟੱਲੀ ਵਾਂਗ ਟੁਣਕਦੀ ਪਰ ਉੱਚੀ ਆਵਾਜ਼ ਵਿਚ ਗੁਰਬਾਣੀ ਦੁਆਰਾ ਵਿੱਦਤ ਗੁਣ-ਉਸਤਤੀ ਕਰਨ ਲਗੇ । ਪਾਠ ਸ਼ੁਧ, ਸਪਸ਼ਟ ਤੇ ਸਰਲ ਸੀ :

ਗੁਰੂ ਗੁਰੂ ਗੁਰ, ਕਰ ਮਨ ਮੇਰੇ ।
ਤਾਰਣ ਤਰਣ, ਸਮ੍ਰਥ ਕਲਜੁਗਿ
ਸੁਨਤਿ ਸਮਾਧਿ ਸਬਦ ਜਿਸੁ ਕੇਰੇ ।
ਫੁਨਿ ਦੁਖਨਿ ਨਾਸੁ, ਸੁਖ ਦਾਯਕੁ, ਸੂਰਉ
ਜੋ ਧਰਤ ਧਿਆਨੁ, ਬਸਤ ਤਿਹ ਨੇਰੇ ।
ਪੂਰਉ ਪੁਰਖੁ ਰਿਦੈ ਹਰਿ ਸਿਮਰਤ
ਮੁਖੁ ਦੇਖਤ ਅਘ ਜਾਹਿ ਪਰੇਰੇ ।
ਜਉ ਹਰਿ, ਬੁਧਿ, ਰਿਧਿ-ਸਿਧਿ ਚਾਹਤ
ਗੁਰੂ ਗੁਰੂ ਗੁਰ ਕਰ ਮਨ ਮੇਰੇ ।

... ...

ਸੁਣਿ ਮਨ ਅੰਧੇ, ਮੂਰਖ, ਗਵਾਰ ।
ਆਵਤ ਜਾਤ ਲਾਜ ਨਹੀ ਲਾਗੈ ?
ਬਿਨੁ ਗੁਰ, ਬੂਡੈ ਬਾਰੋ ਬਾਰ ।

... ...

ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ।
ਬਿਨੁ ਗੁਰ ਬੂਝੇ, ਜਮ ਕੀ ਫਾਸੀ ।

... ...

ਬਿਨ ਗੁਰ, ਮੁਕਤਿ ਕਿਸੈ ਨ ਹੋਇ ।
ਆਪੇ ਕਰੇ ਕਰਾਵੈ ਸੋਇ ।

... ...

ਜਿਨੂ ਐਸਾ ਸਤਿਗੁਰੁ, ਸਾਧੁ, ਨ ਪਾਇਆ
ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ।
ਜਨਮ ਪਦਾਰਥ ਪੁੰਨਿ ਫਲ ਪਾਇਆ
ਕਉਡੀ ਬਦਲੈ ਜਾਈਐ ।

... ...

ਜੇ ਕੋ ਸਿਖੁ, ਗੁਰੂ ਸੇਤੀ ਸਨਮੁਖੁ ਹੋਵੈ ।
ਹੋਵੈ ਤ ਸਨਮੁਖੁ ਸਿਖੁ ਕੋਈ
ਜੀਅਹੁ ਰਹੈ ਗੁਰ ਨਾਲੈ ।
ਗੁਰ ਕੇ ਚਰਨ ਹਿਰਦੈ ਧਿਆਏ



Sri Satguru Jagjit Singh Ji Elibrary NamdhariElibrary@gmail.com

ਅੰਤਰ ਆਤਮੈ ਸਮਾਲੇ ।
ਆਪੁ ਛਡਿ, ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਇ ।
ਕਹੈ ਨਾਨਕੁ, ਸੁਣਹੁ ਸੰਤਹੁ !
ਸੋ ਸਿਖੁ ਸਨਮੁਖ ਹੋਇ ।

... ...

ਸਭ ਤਨੁ ਮਨੁ ਹਰਿਆ ਹੋਇਆ
ਮਨੁ ਖਿੜਿਆ, ਹਰਿਆ ਬਾਗੁ ।
ਅਗਿਆਨੁ ਅੰਧੇਰਾ ਮਿਟਿ ਗਇਆ
ਗੁਰ ਚਾਨਣੁ ਗਿਆਨੁ ਚਰਾਗੁ ।

ਮੈਂ ਕਿੰਨੇ ਕੁ ਸ਼ਬਦ ਨੋਟ ਕਰ ਸਕਦਾ ਸਾਂ, ਇਥੇ ਤਾਂ ਇਕ ਸ਼ਬਦ-ਗੰਗਾ ਵਹਿ ਰਹੀ ਸੀ । (ਸੂਬਾ ਜੀ ਨੂੰ ਲਗਪਗ ਸਾਰਾ ਹੀ ਆਦਿ ਗ੍ਰੰਥ ਸਾਹਿਬ ਜ਼ਬਾਨੀ ਯਾਦ ਸੀ ।)

ਸਤਿਗੁਰੂ ਜੀ ਧਰੂ ਭਗਤ ਅਗੇ ਖਲੋਤੇ ਵਿਸ਼ਨੂੰ ਭਗਵਾਨ ਵਾਂਗ ਜਾਪ ਰਹੇ ਸਨ ਜਾਂ ਸੂਰਦਾਸ ਜੀ ਨੂੰ ਭਗਵਾਨ ਕ੍ਰਿਸ਼ਨ ਦੇ ਦਰਸ਼ਨਾਂ ਦੀ, ਯਾਦ ਆਉਂਦੀ । ਅੱਜ ਵੀ ਮੇਰੀਆਂ ਅੱਖਾਂ ਸਾਹਵੇਂ ਭਗਤ ਤੇ ਭਗਵਾਨ ਦੀ ਉਹ ਮਰਮ ਸਪਰਸ਼ੀ ਅੰਤਿਮ ਮਿਲਣੀ ਰੂਪਮਾਨ ਹੈ ।

ਪੰਦਰਾਂ ਮਿੰਟ ਤਕ ਸਤਿਗੁਰੂ ਜੀ ਉਸ ਮਾਨਸਿਕ ਟਿਕਾਉ ਨਾਲ ਸੂਬਾ ਜੀ ਪਾਸ ਬੈਠ ਕੇ ਸ਼ੁਧ ਗੁਰਬਾਣੀ ਦਾ, ਹਿਰਦੇ ਵਿਚ ਉਤਰ ਜਾਣ ਵਾਲਾ ਉਚਾਰਣ ਸਰਵਣ ਕਰਦੇ ਰਹੇ । ਇਸ ਤਰਾਂ ਦਾ ਟਿਕਾਉ ਕਦੇ ਕਦੇ ਹੀ ਮੇਰੇ ਵੇਖਣ ਵਿਚ ਆਇਆ ਹੈ ।

ਦੋ ਸਾਲ ਪਹਿਲਾਂ ਵੀ, ਇਕ ਵਾਰ, ਮੈਂ ਸਤਿਗੁਰੂ ਜੀ ਦੀ ਤਾਬਿਆ ਵਿਚ ਸਾਂ ਜਦੋਂ ਸ੍ਰੀ ਹਜ਼ੂਰ ਆਪਣੇ ਇਸ ਸਿਰੜੀ ਸਿਖ ਨੂੰ ਦਰਸ਼ਨ ਦੇਣ ਗਏ ਸਨ । ਉਸ ਦਿਨ ਸਤਿਗੁਰੂ ਜੀ ਪਾਵਨ ਹਸਤ ਕੰਵਲਾਂ ਦੀ ਛੁਹ ਨਾਲ ਕਿੰਨਾ ਹੀ ਚਿਰ ਬਿਰਧ ਸੂਬਾ ਜੀ ਦੇ ਮੋਢੇ ਪਲੋਸਦਿਆਂ ਉਨ੍ਹਾਂ ਦੀਆਂ ਜ਼ਰੂਰਤਾਂ ਬਾਰੇ ਸੁਣਿਆ ਸੀ ।

ਜਿਨ੍ਹਾਂ ਨੇ ਜ਼ਿੰਦਗੀ ਵਿਚ ਸਤਿਗੁਰੂ ਅਤੇ ਸੇਵਕ ਦੇ ਅੰਦਰਲੇ ਸੰਬੰਧਾਂ ਦਾ ਨਜ਼ਾਰਾ ਲੈਣਾ ਹੋਵੇ ਉਹ ਕਦੇ ਅਜਿਹੀਆਂ ਘੜੀਆਂ ਦਾ ਲਾਭ ਪ੍ਰਾਪਤ ਕਰਨ । ਇਸ ਤੋਂ ਪਤਾ ਲਗੇਗਾ ਕਿ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਦੀ ਜੀਵਨ-ਧਾਰਾ ਕਿੰਜ ਗੁਰੂ ਸਿਖ ਨੂੰ ਇਕਰਸਤਾ ਅਤੇ ਇਕਾਤਮਕਤਾ ਬਖਸ਼ਦੀ ਹੈ । ਫੇਰ ਪਤਾ ਲਗਦਾ ਹੈ ਇਸ ਤੁਕ ਦਾ :

ਹਭੇ ਸਾਕ ਕੂੜਾਵੇ ਡਿਠੇ
ਤਉ ਪਲੇ ਤੈਡੇ ਲਾਗੀ ।

ਕਿਸੇ ਔਰਤ ਨੂੰ ਮੁਹੱਬਤ ਕਰੀਏ ਤਾਂ ਸੌ ਹਰੀਫ ਪੈਦਾ ਹੋ ਜਾਣਗੇ ਪਰ ਜੇ ਸਤਿਗੁਰੂ ਪ੍ਰਤੀ ਪਿਆਰ ਹੋ ਆਵੇ ਤਾਂ ਨਾ ਨਸ਼ੇ ਦਾ ਉਤਾਰ ਕਦੇ ਆਵੇ ਅਤੇ ਨਾ ਹੀ ਇਸਦਾ ਕੋਈ ਸ਼ਰੀਕ ਹੋਵੇ !

... ... ... ...



Sri Satguru Jagjit Singh Ji Elibrary NamdhariElibrary@gmail.com

ਇਕ ਵਾਰ ਫਿਰ ਜਦੋਂ ਸਤਿਗੁਰੂ ਜੀ ਸੂਬਾ ਜੀ ਨੂੰ ਨਿਵਾਜਣ ਗਏ ਤਾਂ ਮੈਂ ਵੀ ਮੌਕਾ ਖੁੰਝਣ ਨਾ ਦਿਤਾ। ਬਹੁਤ ਕਮਜ਼ੋਰ ਕਾਇਆਂ ਵਾਲੇ ਸੂਬਾ ਜੀ, ਜਿਨ੍ਹਾਂ ਦੀ ਨਜ਼ਰ ਤਾਂ ਕਮਜ਼ੋਰ ਸੀ ਹੀ, ਕੰਨੋਂ ਵੀ ਲਗ ਭਗ ਬਹਿਰੇ ਹੋ ਚੁਕੇ ਸਨ। ਢੋਲ ਵੱਜਣ ਜਿੰਨੀ ਉੱਚੀ ਅਵਾਜ਼ ਵਿਚ ਹੀ ਆਪਣੀ ਗੱਲ ਸੁਣਾਨ ਦੀ ਖੇਚਣ ਕਰਨੀ ਪੈਂਦੀ ਸੀ। ਸਰੀਰ ਨਿਸੱਤਾ, ਨਿਤਾਣਾ ਅੱਠੇ ਪਹਿਰ ਮੰਜੇ ਉਤੇ ਹੀ ਲੇਟਿਆ ਰਹਿਣ ਲਈ ਮਜਬੂਰ ਸੀ, ਫਿਰ ਵੀ, ਮੈਂ ਡਿੱਠਾ ਸੂਬਾ ਜੀ ਦਾ ਜ਼ਿੰਦਗੀ ਵੱਲ ਮੋਹ ਸਿਖਰਲਾ ਸੀ। ਅਜੇ ਇਹ 'ਭਇਆ ਪੁਰਾਣਾ ਚੋਲਾ' ਤਿਆਗਣ ਤੇ ਜੀ ਨਹੀਂ ਸੀ ਕਰਦਾ। ਮੈਂ ਕਾਫ਼ੀ ਉੱਚੀ ਸੁਰ ਵਿਚ ਸੂਬਾ ਜੀ ਤੋਂ ਪੁੱਛ ਹੀ ਲਿਆ।

"ਮਰਨ ਤੇ ਜੀ ਨਹੀਂ ਕਰਦਾ?"

"ਕਿਉਂ ਮਰਾਂ? ਅੱਗੇ ਕੀ ਹੈ? ਏਥੇ ਮੈਨੂੰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇ ਵੇਲੇ ਨਸੀਬ ਹੋ ਜਾਂਦੇ ਹਨ। ਮੈਨੂੰ ਹੋਰ ਕੀ ਚਾਹੀਦਾ ਹੈ? ਲੋੜੀਂਦੀ ਸੇਵਾ ਤੇ ਸਤਿਕਾਰ ਵੀ ਮਿਲ ਰਿਹਾ ਹੈ।"

ਕਿੰਨਾ ਸਾਫ਼ ਜਵਾਬ ਸੀ। ਆਯੂ ਵਲੋਂ ਲਗਭਗ ਸਦੀ ਪੂਰੀ ਕਰ ਚੁਕਣ ਵਾਲੇ ਨੂੰ ਜੇ ਆਪਣੇ ਪ੍ਰੀਤਮ ਪਿਆਰੇ ਦੇ ਦੀਦਾਰੇ ਜ਼ਿਦਗੀ ਦੇ ਅਖ਼ੀਰ ਵਿਚ ਵੀ ਨਿਤਾ ਪ੍ਰਤੀ ਹੁੰਦੇ ਰਹਿਣ ਉਹ ਅਗਲੇ ਅੰਧ ਘੋਰ ਵਿਚ ਕਿਉਂ ਜਾਵੇ, ਜਿਦੇ ਬਾਰੇ ਕੁਛ ਵੀ ਗਿਆਨ ਨਹੀਂ। ਅਗਲੇ ਦੀ ਆਸ ਵਿਚ, ਭਲਾ ਹਥਲਾ ਸੁਖ ਕਿਉਂ ਛਡਿਆ ਜਾਵੇ!

... ... ... ...

ਅਤੇ ੨੫ ਨਵੰਬਰ ੧੯੮੨ ਉਹ ਦਿਨ ਸੀ ਜਿਸ ਦਿਨ ਸੂਬਾ ਜੀ ਨੇ 'ਪੁਰਾਣਾ ਚੋਲਾ' ਤਿਆਗ ਦੇਣ ਦਾ ਮਨ ਬਣਾ ਲਿਆ। ਗੱਲ ਇਹ ਹੋਈ ਕਿ ਜਦੋਂ ਸੂਬਾ ਜੀ ਜਰਜਰੇ ਸਰੀਰ ਨੂੰ ਲੈਕੇ ਟੱਟੀ ਵਿਚ ਸ਼ੌਚ ਕਿਰਿਆ ਕਰਨ ਬੈਠੇ ਤਾਂ ਪਿੰਡੇ ਨੂੰ ਕੜੱਲ ਪੈ ਗਏ! ਜ਼ਰਾ ਬਾਹਲੇ ਹੀ ਹੋਣਗੇ! ਸੇਵਕ ਅਪਾਰ ਸਿੰਘ ਨੂੰ ਕਹਿਣ ਲਗੇ: ਕੜਵੱਲ ਬਹੁਤ ਹੀ ਪੈ ਗਏ ਹਨ।

"ਫਿਰ ਛਡ ਦਿਓ ਇਹ ਚੋਲਾ। ਨਵਾਂ ਹੋਰ ਧਾਰਨ ਕਰ ਲਓ।"

"ਚੰਗਾ ਫਿਰ ਸਤਿ ਸ੍ਰੀ ਅਕਾਲ ਬੁਲਾ ਦਿਓ!"

ਅਤੇ ਸੂਬਾ ਜੀ ਨੂੰ ਬਾਅਦ ਦੁਪਹਿਰ ਜ਼ੋਰ ਦਾ ਬੁਖ਼ਾਰ ਚੜ੍ਹ ਗਿਆ।

ਸ੍ਰੀ ਸਤਿਗੁਰੂ ਜੀ ਦਾ ਧਿਆਨ ਇਸ ਡਾਢੇ ਬਜ਼ੁਰਗ ਸਿਖ ਅਤੇ ਆਪਣੀ ਪੂਜ ਮਾਤਾ ਜੀ ਦੇ ਭ੍ਰਾਤਾ ਵਲ ਨਿਰੰਤਰ ਰਿਹਾ। ਆਪ ਅੱਜ, ਲੁਧਿਆਣੇ ਵਿਚ ਸ਼ਹੀਦਾਂ ਦਾ ਮੇਲਾ ਹੋਣ ਦੇ ਬਾਵਜੂਦ ਸ੍ਰੀ ਭੈਣੀ ਸਾਹਿਬ ਰੁਕੇ ਰਹੇ। ਘੜੀ ਘੜੀ ਸੇਵਕ ਭੇਜ ਕੇ ਸੂਬਾ ਮੀਹਾਂ ਸਿੰਘ ਜੀ ਦੀ ਸਿਹਤ ਬਾਰੇ ਜਾਣਕਾਰੀ ਲੈਂਦੇ ਰਹੇ। ਇਕ ਵਾਰ ਨਿਜੀ ਸਕੱਤਰ ਸੰਤ ਤਰਸੇਮ ਸਿੰਘ ਨੂੰ ਭੇਜਿਆ। ਫਿਰ ਆਪ ਵੀ ਖ਼ਬਰ ਲੈਣ ਜਾਣ ਦੀ ਕਿਰਪਾ ਕੀਤੀ, ਹੋਰ ਦਵਾਈਆਂ ਤੋਂ ਸੂਬਾ ਜੀ ਨੇ ਇਨਕਾਰ ਕਰ ਦਿਤਾ। ਸਤਿਗੁਰੂ ਜੀ ਨੇ ਫੋਨ ਕਰਵਾਕੇ ਡਾ: ਹਰਿਦਾਸ ਮੱਲ ਕਟਾਣੀ, ਜੁ ਗੁਰੂ ਘਰ ਦੇ ਸਤਿਕਾਰੇ ਮਹਾ-ਵੈਦ ਹਨ, ਨੂੰ ਬੁਲਵਾਇਆ। ਉਹਨਾਂ ਨੇ ਮੁਨਾਸਬ ਚਾਰਾਜੋਈ ਕੀਤੀ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੂੰ ਯਕੀਨ ਹੋ ਗਿਆ ਕਿ ਸੂਬਾ ਜੀ ਦਾ ਜਾਣ ਵੇਲਾ ਆ ਗਿਆ ਹੈ। ਆਪ ਰਾਤ ਪੌਣ ਤੇ ਵੀ ਬਿਰਾਜੇ ਨਹੀਂ। ਸੂਬਾ ਜੀ ਦੇ ਸਰੀਰ ਬਾਰੇ ਮਿੰਟ ਮਿੰਟ ਦਾ ਪਤਾ ਦੇਣ ਵਾਲਿਆਂ ਦੀ ਲਾਮ ਤੋਰੀ ਲਗ ਗਈ।

ਸ੍ਰੀ ਸਤਿਗੁਰੂ ਜੀ ਨੇ ਰਾਤੀਂ ੧੨ ਵਜੇ ਡਾ: ਹਰਿਦਾਸ ਮੱਲ ਹੁਰਾਂ ਨੂੰ ਫਿਰ ਫੋਨ ਕੀਤਾ : ਕੋਈ ਗੁੰਜਾਇਸ਼ ?



"ਜਾਪਦੀ ਤਾਂ ਕੋਈ ਨਹੀਂ, ਅਗੋ ਆਪਦੀ ਰਜ਼ਾ।" ਡਾਕਟਰ ਨੇ ਬਿਸਤਰੇ ਚੋਂ ਉਠ ਕੇ ਆਖਿਆ।

ਏਧਰ ਸੂਬਾ ਜੀ ਨੇ ਅਪਾਰ ਸਿੰਘ ਮਿਰਜ਼ਾਪੁਰ ਬੋੜੂ ਨੂੰ ਚੋਲਾ ਬਦਲਣ ਦਾ ਬਚਨ ਦਿੰਦਿਆਂ ਹੀ ਮੁੜ-ਨਾ-ਮੁੜਨ ਦਾ ਪੱਕਾ ਫੈਸਲਾ ਕਰ ਲਿਆ ਸੀ।

ਜਦੋਂ ੨੫ ਨਵੰਬਰ ਦੀ ਰਾਤ ੨੬ ਤਾਰੀਖ ਦੇ ਖੇਤਰ ਵਿਚ ਆ ਗਈ। ਘੜੀ ਦੀਆਂ ਸੂਈਆਂ ੧੨.੨੫ ਤੇ ਚਲੀਆਂ ਗਈਆਂ ਤਾਂ ਸੂਬਾ ਜੀ ਦੀ ਜ਼ਿੰਦਗੀ ਦੀ ਘੜੀ



Sri Satguru Jagjit Singh Ji Elibrary NamdhariElibrary@gmail.com

ਚਲਣੋਂ ਰੁਕ ਗਈ। ਦਿਲ ਦੀ ਧੜਕਣ ਬੇ-ਧੜਕ ਹੋ ਗਈ।

ਸੂਬਾ ਜੀ ਨੇ ਜ਼ਿੰਦਗੀ ਨੂੰ ਸਤਾਨਵਾਂ ਸਾਲ ਨਹੀਂ ਵੇਖਣ ਦਿਤਾ।

... ... ... ...

ਇਹ ਸੂਬਾ ਜੀ ਸਾਡੀ ਜ਼ਿੰਦਗੀ ਵਿਚ ਓਦੋਂ ਆਏ (੧੯੩੯ ਈ:) ਜਦੋਂ ਅਸੀਂ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਹਨਾਂ ਦੇ ਸਹਿਪਾਠੀ) ਭੈਣੀ ਸਾਹਿਬ ਮਹਾਂ-ਵਿਦਿਆਲਾ ਦੇ, ਅਜੇ, ਵਿਦਿਆਰਥੀ ਸਾਂ। ਮੀਹਾਂ ਸਿੰਘ ਜੀ ਉੱਚੇ ਲੰਮੇ ਤੇ ਸਾਵੇਂ ਬਦਨ ਦੇ ਮਾਲਿਕ ਇਕ ਵਿਸ਼ੇਸ਼ ਸੋਚ ਅਤੇ ਉੱਦਮ ਦੇ ਘੋੜੇ ਤੇ ਸਦਾ ਹੀ ਸਵਾਰ ਰਹਿੰਦੇ। ਸੋਧ ਮਰਿਆਦਾ, ਸ਼ੁਧ ਗੁਰਬਾਣੀ ਪਾਠ, ਸੇਵਾ ਅਤੇ ਸਿਮਰਨ—ਇਹ ਸੂਬਾ ਜੀ ਦੀ ਨਿਤ ਦੀ ਜੀਵਨੀ ਸੀ। ਸਾਨੂੰ ਉਹਨਾਂ ਘਰੋੜ ਘਰੋੜ ਕੇ ਸ਼ੁਧ ਪਾਠ ਕਰਨ ਦੀ ਜਾਚ ਦੱਸੀ। ਇਕ ਇਕ ਸ਼ਬਦ ਨੂੰ ਅਨੇਕ ਵਾਰ ਰਟਵਾਇਆ ਤੇ ਪਕਵਾਇਆ। ਸ੍ਰੀ ਸਤਿਗੁਰੂ ਜੀ ਨਾਲ ਉਹਨਾਂ ਦੇ ਛੋਟੇ ਭ੍ਰਾਤਾ ਮਹਾਰਾਜ ਬੀਰ ਸਿੰਘ ਜੀ ਵੀ ਪਾਠ-ਸ਼ੁਧੀ ਵਲੋਂ ਆਪ ਦੇ ਹੀ ਸ਼ਿੱਸ਼ ਹਨ।

ਸੂਬਾ ਮੀਹਾਂ ਸਿੰਘ ਜੀ ਸੰਸਾਰਕ ਰਿਸ਼ਤਿਓਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦੇ ਸਕੇ ਮਾਮਾ ਜੀ ਸਨ। ਸਤਿਗੁਰੂ ਜੀ ਤਦੋਂ 'ਬੇਅੰਤ ਜੀ' ਅਤੇ ਮਹਾਰਾਜ ਜੀ 'ਬਲੂ ਜੀ' ਸਨ। ਪਰ ਨਾ ਕਦੇ ਸੂਬਾ ਜੀ ਨੂੰ ਆਪਣਾ ਮਾਮਾਪਣ ਯਾਦ ਆਇਆ ਤੇ ਨਾ ਹੀ ਸਾਡੇ ਵਰਤਮਾਨ ਸਤਿਗੁਰੂ ਜੀ, ਜੋ ਓਦੋਂ ਅਜੇ ਕਿਸ਼ੋਰ ਅਵਸਥਾ ਵਿਚ ਸਨ, ਕਦੇ ਭਣੇਵੇਂ ਦੇ ਰੂਪ ਵਿਚ ਲਾਡੀਂ ਪਏ, ਦੋਵੇਂ ਮਾਮਾ ਭਣੇਵਾਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਖ ਸਨ। ਦੁਨਿਆਵੀ ਨਾਤਿਓਂ ਦੋਵੇਂ ਹੀ ਆਪਣੀ ਆਪਣੀ ਪੱਧਰ ਦਾ ਸਤਿਕਾਰ ਅਰਜਤ ਕਰਦੇ ਸਨ।

ਸੂਬਾ ਜੀ ਦਾ ਅੰਮ੍ਰਿਤ ਵੇਲੇ ਜਾਗਣਾ, ਸਕੇਸ਼ ਸ਼ਨਾਨ ਕਿਸੇ ਵੀ ਹਾਲਤ ਵਿਚ ਰੁਕਿਆ ਨਹੀਂ। ਭਜਨ ਕਰਨਾ ਤੇ ਬਾਣੀ ਪੜ੍ਹਨਾ ਵੀ ਜਿਉਂ ਕਾ ਤਿਉਂ ਜਾਰੀ ਰਿਹਾ। ਪੰਜ ਤੋਂ ਸੱਤ ਬਾਣੀਆਂ ਦਾ ਪਾਠ ਸਵੇਰੇ, ਰਹਿਰਾਸ ਅਤੇ ਕੀਰਤਨ ਸੋਹਿਲਾ ਸ਼ਾਮ ਨੂੰ ਜ਼ਿੰਦਗੀ ਭਰ ਅਰੁਕ ਬਣਿਆ ਰਿਹਾ।

੧੯੩੩ ਈ: ਤੋਂ ਹੀ ਉਹ ਆਪਣੇ ਘਰ ਬਾਰ ਦੀਆਂ ਜ਼ਿਮੇਂਵਾਰੀਆਂ ਬੱਚਿਆਂ ਦੇ ਸਪੁਰਦ ਕਰ, ਆਪ ਸ੍ਰੀ ਭੈਣੀ ਸਾਹਿਬ, ਸਤਿਗੁਰਾਂ ਦੀ ਸੇਵਾ ਵਿਚ ਆ ਗਏ। ਭਉਂਕੇ ਦੁਨੀਆਦਾਰੀ ਦੇ ਚੱਕਰ ਵਿਚ ਨਹੀਂ ਪਏ। ਆਪਣੇ ਖਰਚਾਂ ਜੋਗੀ ਮਾਇਆ ਉਹ ਹਥੀਂ ਤਿਆਰ ਕੀਤੇ ਦਵਾ ਦਾਰੂ ਤੋਂ ਪੈਦਾ ਕਰ ਲੈਂਦੇ। ਪ੍ਰਸ਼ਾਦ ਪਾਣੀ ਜਾਂ ਰਸਤ ਬਸਤ ਲਈ ਉਨ੍ਹਾਂ ਨਾ ਕਦੇ ਉਚੇਚ ਕੀਤੀ, ਨਾ ਕਰਵਾਈ ਹੀ। ਜੋ ਕੁਝ ਗੁਰੂ ਕੇ ਲੰਗਰ ਵਿਚੋਂ ਤਿਆਰ ਮਿਲਿਆ ਉਸੇ ਨੂੰ ਛਕ ਕੇ ਅਕਾਲ ਪੁਰਖ ਦਾ ਸ਼ੁਕਰ ਕੀਤਾ।

ਸਤਿਗੁਰਾਂ ਦੇ ਚਰਨਾਂ ਤੇ ਅਡੋਲ ਭਰੋਸਾ ਇਹ ਉਹਨਾਂ ਦੀ ਮਾਣਯੋਗ ਨਿਧੀ ਸੀ। ਮਰਿਆਦਾ ਵਲੋਂ ਕਠੋਰ ਕੱਟੜਤਾ, ਅਪਣੇ ਲਈ ਵੀ ਤੇ ਦੂਜਿਆਂ ਵਾਸਤੇ ਵੀ, ਉਹਨਾਂ ਦੀ ਵਿਸ਼ੇਸ਼ਤਾ ਸੀ।

... ... ... ... ...



Sri Satguru Jagjit Singh Ji Elibrary NamdhariElibrary@gmail.com

ਜੇ ਕਿਤੇ ਅਸੀਂ ਆਪਣੇ ਦੇਸ ਦੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਅਤੇ ਦੂਜੇ ਦੇ ਆਰੰਭ ਦੇ ਦਿਨਾਂ ਦੀ ਯਾਦ ਕਰੀਏ ਤਾਂ ਸਾਡੇ ਸਾਹਵੇਂ ਇਕ ਪਛੜਿਆ ਹੋਇਆ ਭਾਰਤ ਤੇ ਉਸ ਵਿਚ ਇਕ ਅਜਿਹਾ ਹੀ ਵਿਸ਼ਾਲ ਪੰਜਾਬ ਪ੍ਰਾਂਤ ਉਭਰੇਗਾ ਜੋ ਆਪਣੇ ਪੈਦਾਵਾਰੀ ਵਸੀਲਿਆਂ ਵਲੋਂ ਭਾਵੇਂ ਕਿੰਨਾ ਵੀ ਸਮਰਿਧ ਹੋ ਸਕਦਾ ਸੀ ਪਰ ਉਹ ਸੰਪਰਕਹੀਣਤਾ,ਆਵਾ-ਜਾਈ ਦੇ ਸਾਧਨਾਂ ਵਲੋਂ ਕਮਜ਼ੋਰ,ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਾ ਉੱਤਮ ਗਾਇਕ ਅਤੇ ਪਰਸੰਸਕ ਹੀ ਸੀ। ਪਰਾਧੀਨਤਾ ਦਾ ਜਮ-ਜੱਫਾ ਸਿਖਰ ਦੀ ਕੱਸ ਵਿਚ ਹੋਣ ਦੇ ਨਾਲ ਨਾਲ ਸੁਤੰਤਰਤਾ ਬਾਰੇ ਸੋਚਣਾ ਤੇ ਢੰਗ ਤਰੀਕੇ ਲਭਣਾ ਵੀ ਇਸੇ ਦੀ ਦਲੇਰ ਪਹੁੰਚ ਦਾ ਭਾਗ ਸੀ। ਸ੍ਰ: ਕਰਤਾਰ ਸਿੰਘ ਸਰਾਭਾ ਆਦਿ ਦੇਸ਼ ਭਗਤਾਂ ਦੀਆਂ ਕਰਨੀਆਂ ਨੇ ਦੇਸ਼ ਦੇ ਵਡੇਰਿਆਂ ਹਿੱਸਿਆਂ ਨੂੰ ਜਾਗ੍ਰਤੀ ਦੀਆਂ ਸੁਆਵਾਂ ਨਾਲ ਆਲੋਕਤ ਕਰਨਾ ਸ਼ੁਰੂ ਕਰ ਦਿਤਾ ਸੀ।

ਅਜਿਹੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰੇਰਣਾ ਤੇ ਆਪ ਜੀ ਦੇ ਭਰਾਵਾਂ ਮਹਾਰਾਜ ਨਿਹਾਲ ਸਿੰਘ-ਮਹਾਰਾਜ ਗੁਰਦਿਆਲ ਸਿੰਘ ਹੁਰਾਂ ਸਮੁਚੇ ਨਾਮਧਾਰੀਆਂ ਦੇ ਸੁਤੰਤਰ ਜੀਵਨ ਦੇ ਉਤਸ਼ਾਹ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਸਰਗਰਮੀਆਂ ਨਾਲ ਵਾਬਸਤਾ ਕਰ ਲਿਆ। ਇਹਨੀਂ ਦਿਨੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਜੇ ਵੀਹਾਂ ਵਰ੍ਹਿਆਂ ਦੀ ਆਯੂ ਦੇ ਹੀ ਸਨ ਜਦੋਂ ਆਪ ਜੀ ਨੂੰ ਆਨੰਦ ਕਾਰਜ ਦੇ ਖੇਤਰ ਵਿਚ ਪਰਵੇਸ਼ ਕਰਨਾ ਪਿਆ। ਇਹ ਆਨੰਦ ਕਾਰਜ ਸੂਬਾ ਮੀਹਾਂ ਸਿੰਘ ਜੀ ਦੀ ਦੂਜੀ ਅਤੇ ਛੋਟੀ ਭੈਣ ਨਾਲ ਹੀ ਰਚਾਇਆ ਜਾਣ ਵਾਲਾ ਸੀ।

ਪਿਤਾ ਸ੍ਰ: ਸੁੰਦਰ ਸਿੰਘ (ਪਿੰਡ ਗੱਦੋਂ ਡੋਬ ਗੁਰੂਸਰ, ਜ਼ਿਲਾ ਓਦੋਂ ਫੀਰੋਜ਼ਪੁਰ ਹੁਣ ਫਰੀਦਕੋਟ) ਜੀ ਨੇ ਮਰਗ ਬਿਸਤਰ ਤੇ ਪਿਆਂ ਇਕੋ ਇਕ ਅਪੂਰਣ ਰੀਝ, ਆਪਣੇ ਬੱਚਿਆਂ ਨੂੰ ਪੂਰਣ ਕਰਨ ਹਿਤ ਜ਼ਿਮੇਵਾਰੀ ਲਗਾਈ ਸੀ। ਆਪਣੀ ਛੋਟੀ ਸਪੁੱਤਰੀ ਬੀਬੀ ਵੀਰਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਰਧਾਂਗਣੀ ਬਣਾਣ ਵਾਸਤੇ ਸਫਲ ਕਾਰਜ ਕਰਨੇ।

ਸ੍ਰ: ਸੁੰਦਰ ਸਿੰਘ ਅਤੇ ਬੀਬੀ ਰਾਮ ਕੌਰ ਜੀ ਦੇ ਤਿੰਨਾਂ ਸਪੁੱਤਰਾਂ, ਸ੍ਰ: ਕਿਰਪਾਲ ਸਿੰਘ, ਸ੍ਰ: ਮੀਹਾਂ ਸਿੰਘ ਅਤੇ ਸ੍ਰ: ਨਾਹਰ ਸਿੰਘ ਨੇ ਪਿਤਾ ਦੀ ਆਗਿਆ ਨੂੰ ਸਿਰ ਧਾਰਕੇ, ਆਪਣੇ ਪੁਰ ਰਸੂਖ, ਜਬ੍ਹੇ ਵਾਲੇ, ਸਰਕਾਰੇ ਦਰਬਾਰੇ ਮੰਨੇ ਦੰਨੇ ਤਾਏ ਸੱਦਾ ਸਿੰਘ ਨੰਬਰਦਾਰ ਦੇ ਵਿਰੋਧ ਦਾ ਕਹਿਰ ਖਿੜੇ ਮੱਥੇ ਪਰਵਾਨ ਕਰ ਲਿਆ। ਉਪਰਲੇ ਤਬਕੇ ਨਾਲ ਸੰਬੰਧਤ ਜਾਗੀਰਦਾਰ ਸ੍ਰ: ਸੱਦਾ ਸਿੰਘ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਠਾਠ ਜੱਟ ਸਰਦਾਰਾਂ ਦੀ ਧੀ ਰਾਮਗੜ੍ਹੀਆ ਕੁਲ ਦੇ, ਭਾਵੇਂ ਉਹ ਛਬਰਯੋਗ ਗੁਰਗੱਦੀ ਦੇ ਮਾਲਿਕ ਹੀ ਸਨ, ਮਹਾਂ-ਪਰਤਾਪੀ ਪੁਰਸ਼ ਨਾਲ ਪਰਣਾਈ ਜਾਵੇ।

ਪਰ ਇਸ ਵਿਰੋਧ ਦਾ ਸਾਹਮਣਾ ਤਾਂ ਕਰਨਾ ਹੀ ਪੈਣਾ ਸੀ। ਅਤੇ ਸ੍ਰ: ਸੱਦਾ ਸਿੰਘ ਦੇ ਤਿੰਨੇ ਭਤੀਜੇ, ਇਸ ਕਾਰਜ ਲਈ ਸੰਭਵ ਪਰੇਸ਼ਾਨੀਆਂ ਨੂੰ ਮੁਖ ਰਖਕੇ, ਨਿੱਤਰ ਕੇ ਅੱਗੇ ਆਏ। ਸ੍ਰ: ਸੱਦਾ ਸਿੰਘ ਨੇ ਵਾਹਰ ਵਿਚ ਇਹ ਪ੍ਰਸਿੱਧ ਕਰ ਦਿਤਾ ਸੀ ਕਿ ਜੇ ਉਸਦੇ ਭਤੀਜਿਆਂ ਨੇ ਇਹ ਗੈਰ ਭਾਈਚਾਰਕ ਰਿਸ਼ਤਾ ਕਰਵਾਣ ਦੀ ਕੋਸ਼ਸ਼ ਕੀਤੀ ਤਾਂ ਫੇਰਿਆਂ ਸਮੇਂ ਦੋਹਾ—ਲਾੜੇ ਤੇ ਲਾੜੀ—ਦਾ ਸਿਰ ਕਲਮ ਕਰ ਦਿਤਾ ਜਾਵਗਾ। ਇਹ ਬਹੁਤ ਵੱਡਾ ਤੇ ਖ਼ਤਰਿਆਂ ਭਰਪੂਰ ਚੈਲਿੰਜ ਸੀ। ਅੰਗਰੇਜ਼ੀ ਰਾਜ ਦਾ ਦਬਦਬਾ ਤਾਂ ਨੰਬਰਦਾਰ ਦੇ ਹੱਕ



Sri Satguru Jagjit Singh Ji Elibrary NamdhariElibrary@gmail.com

ਵਿਚ ਹੀ ਜਾਣਾ ਸੀ। ਹੋਰ ਵੀ ਨੀਮ ਸਰਕਾਰੀ ਏਜੰਸੀਆਂ ਨੇ ਸ: ਸੱਦਾ ਸਿੰਘ ਦੀ ਹੀ ਮੰਨਣੀ ਸੀ। ਪੁਲਿਸ ਅਤੇ ਪਰ੍ਹੇ ਪੰਚਾਇਤਾਂ ਨਾਲ ਵੀ ਤਾਂ ਪਿੰਡ ਅਤੇ ਘਰ ਵਿਚੋਂ ਸ: ਸਦਾ ਸਿੰਘ ਦਾ ਹੀ ਵਾਸਤਾ ਸੀ।

ਓਧਰ, ਸ: ਸੁੰਦਰ ਸਿੰਘ ਦੇ ਪ੍ਰਾਣ ਅੰਤ ਹੋਣ ਤੋਂ ਪਹਿਲਾਂ, ਉਨ੍ਹਾਂ ਦੇ ਤਿੰਨਾਂ ਸਪੁੱਤਰਾਂ ਨੇ ਹੀ ਸਰੀਰ ਤਿਆਗਣ ਵਾਲੇ ਪ੍ਰਾਣੀ ਨੂੰ ਤਸੱਲੀ ਦੇ ਦਿਤੀ ਸੀ ਕਿ ਵੱਡੀ ਭੈਣ ਦੀ ਸ਼ਾਦੀ ਵਾਂਗ ਛੋਟੀ ਭੈਣ ਦੇ ਵਿਆਹ ਵਿਚ ਧੜਵੈਲ ਤਾਏ ਦਾ ਜ਼ੋਰ ਨਹੀਂ ਚੱਲਣ ਦਿਤਾ ਜਾਵੇਗਾ।

ਇਸ ਦੁਬਿਧਾ ਅਤੇ ਖ਼ਤਰਿਆਂ ਭਰਪੂਰ ਸ਼ਾਦੀ ਨੂੰ ਪਰਵਾਨ ਚਾੜ੍ਹਨ ਲਈ ਜਿਥੇ ਗੁਰੂ ਘਰ ਦੀਆਂ ਸਾਰੀਆਂ ਸ਼ਕਤੀਆਂ ਇਸ ਪਾਸੇ ਲਗੀਆਂ, ਓਥੇ ਇਨ੍ਹਾਂ ਤਿੰਨਾਂ ਭਰਾਵਾਂ ਵਿਚੋਂ ਮੁਖ ਭੂਮਕਾ ਸੂਬਾ ਮੀਹਾਂ ਸਿੰਘ ਜੀ ਨੇ ਹੀ ਨਿਭਾਈ। ਵੱਡਾ ਵੀਰ ਕਿਰਪਾਲ ਸਿੰਘ ਖੇਤੀ ਵਿਚ ਖੁੱਭਿਆ ਸਾਊ ਕਿਸਾਨ ਸੀ, ਛੋਟਾ ਨਾਹਰ ਸਿੰਘ, ਭਾਵੇਂ ਜਵਾਨਾਂ ਵਿਚ ਆਪਣੀ ਤਕੜੀ ਥਾਂ ਰਖਦਾ ਸੀ ਪਰ ਬਾਹਰਲੀ ਆਵਾਜਾਈ ਅਤੇ ਜ਼ਿਮੇਵਾਰੀਆਂ ਦੀ ਭੱਜ ਨੱਠ ਵਲੋਂ ਉਹ ਵੀ ਅਜੇ ਬੇਲਾਗ ਹੀ ਸੀ।

ਸੋ ਨਾਮਧਾਰੀ ਹੈੱਡ ਕੁਆਰਟਰ ਭੈਣੀ ਸਾਹਿਬ ਵਿਚ ਸ੍ਰੀ ਮਾਤਾ ਜੀਵਨ ਕੌਰ ਜੀ ਅਤੇ ਗੁਰੂ ਘਰ ਦੇ ਹੋਰ ਜ਼ਿਮੇਵਾਰਾਂ ਨਾਲ ਤਾਲਮੇਲ ਰਖ ਕੇ ਆਪਣੇ ਥਾਣੇ, ਤਹਿਸੀਲੋ ਤੇ ਜ਼ਿਲੇ ਵਿਚ ਸੰਬੰਧਤ ਅਧਿਕਾਰੀਆਂ ਨੂੰ ਮਿਲ ਕੇ ਇਸ ਰਿਸ਼ਤੇ ਨੂੰ ਅਮਲ ਵਿਚ ਲਿਆਉਣ, ਅਰਥਾਤ ਆਨੰਦ ਕਾਰਜ ਕਰਨ ਵਾਸਤੇ ਸਹਿਯੋਗ ਸੂਬਾ ਜੀ ਨੇ ਹੀ ਲਾਮਬੰਦ ਕੀਤਾ। ਮੀਹਾਂ ਸਿੰਘ ਜੀ ਗਦੋਂ ਡੱਬ ਤੋਂ ਉਸ ਵੇਲੇ ਦੇ ਥਾਣੇ ਅਬੋਹਰ, ਜ਼ਿਲਾ ਫੀਰੋਜ਼ਪੁਰ ਦੇ ਡੀ.ਸੀ. ਅਤੇ ਡੀ.ਐਸ.ਪੀ. ਮਿ: ਕਾਨਰ ਤਕ ਦਰਖਾਸਤਾਂ ਦੇਂਦੇ ਦਿਵਾਂਦੇ ਫਿਰੇ।

ਅੰਗਰੇਜ਼ ਅਧਿਕਾਰੀਆਂ ਨੇ ਇਸ ਸ਼ਾਦੀ ਦੀ ਸੱਤਿਅਤਾ, ਹੋਣਹਾਰਤਾ ਅਤੇ ਹੋਰ ਨਤੀਜਿਆਂ ਨੂੰ ਮੁਖ ਰਖ ਕੇ ਇਸ ਬਾਰੇ ਵਿਚ ਵਿਸ਼ੇਸ਼ ਕਦਮ ਉਠਾਏ। ਸੂਬਾ ਮੀਹਾਂ ਸਿੰਘ ਜੀ ਨੂੰ ਡੀ.ਐਸ.ਪੀ. ਮਿਸਟਰ ਕਾਨਰ ਦਾ ਸਹਿਯੋਗ ਮਿਲਿਆ। ਉਸਨੇ ਥਾਣੇ ਨੂੰ ਹੁਕਮ ਲਿਖ ਦਿਤਾ ਕਿ ਸ: ਸੱਦਾ ਸਿੰਘ ਪੰਦਰਾਂ ਦਿਨਾਂ ਲਈ ਪਿੰਡ ਛੱਡ ਕੇ ਕਿਸੇ ਹੋਰ ਥਾਂ ਚਲਾ ਜਾਵੇ। ਜੇ ਵਿਆਹ ਵਿਚ ਜ਼ਰਾ ਵੀ ਗੜਬੜ ਹੋਈ ਤਾਂ ਸੱਦਾ ਸਿੰਘ ਨੂੰ ਲੈਣੀਆਂ ਦੀਆਂ ਦੇਣੀਆਂ ਪੈ ਜਾਣਗੀਆਂ।

ਅਨੰਦ ਕਾਰਜ ਸੁਖੀ ਸੁਖਾਂਦੀ ਹੋ ਗਿਆ। ਸੂਬਾ ਮੀਹਾਂ ਸਿੰਘ ਜੀ ਤੇ ਸਾਰੇ ਹੀ ਸ: ਸੁੰਦਰ ਸਿੰਘ ਪਰਵਾਰ ਦਾ ਨਾਮਧਾਰੀ ਜਗਤ ਵਿਚ ਬੜਾ ਉੱਚਾ ਸਥਾਨ ਬਣ ਗਿਆ। ਇਹ ਮੋਰਚਾ ਸਰ ਕਰਨ ਤੇ ਵੀ, ਅਤੇ ਸਤਿਕਾਰਯੋਗ ਗੁਰੂ ਘਰ ਨਾਲ ਸਾਂਝ ਹੋਣ ਕਰਕੇ ਵੀ।

ਏਡੀ ਮਾਅਰਕੇ ਵਾਲੀ ਕਾਰਵਾਈ ਨੂੰ ਪਰਵਾਨ ਚੜ੍ਹਾ ਕੇ ਸੂਬਾ ਮੀਹਾਂ ਸਿੰਘ ਕਿਸੇ ਅਭਿਮਾਨ ਦਾ ਸ਼ਿਕਾਰ ਨਹੀਂ ਹੋਏ, ਸਗੋਂ ਫਲ ਪਈ ਟਾਹਣੀ ਵਾਂਗ ਝੁਕੇ ਹੋਏ ਗੁਰੂ ਘਰ ਦੀ ਸੇਵਾ ਵਿਚ ਜੁਟੇ ਰਹੇ। ਉਹ ਜ਼ਿਲਾ ਫੀਰੋਜ਼ਪੁਰ ਦੇ 'ਸੂਬਾ' ਜੀ ਵੀ ਰਹੇ ਅਤੇ ਗੁਰੂ ਘਰ ਵਿਚ ਆ ਕੇ ਜ਼ਿਮੇਵਾਰੀਆਂ ਪ੍ਰਤੀ ਵੀ ਤਤਪਰ ਰਹੇ। ਸਤਿਗੁਰੂ ਪ੍ਰਤਾਪ ਸਿੰਘ ਨਾਲ ਉਹਨਾਂ



Sri Satguru Jagjit Singh Ji Elibrary NamdhariElibrary@gmail.com

ਦੀ ਰਿਸ਼ਤੇਦਾਰੀ ਵਜੋਂ ਕਿਸੇ ਸਾਂਝ ਦਾ ਪ੍ਰਗਟਾਵਾ ਨਹੀਂ ਸੀ, ਸਗੋਂ ਇਕ ਸਮਰਪਤ ਸਿੱਖ ਦੀ ਭਾਵਨਾ ਹੀ ਉਹਨਾਂ ਅੰਦਰ ਰਹੀ।

... ... ... ...

ਸੂਬਾ ਮੀਹਾਂ ਸਿੰਘ ਜੀ ਦੇ ਸੁਭਾਅ ਦੀਆਂ ਸਿਫ਼ਤਾਂ ਸਨ : ਸਿਦਕ, ਸਿਰੜ, ਸੇਵਾ ਤੇ ਉਦਾਰਤਾ। ਜਿਨ੍ਹਾਂ ਹਠੀਆਂ ਤੇ ਜਪੀਆਂ ਦੀ ਅਰਦਾਸ ਵਿਚ ਸਲਾਹੁਤਾ ਆਉਂਦੀ ਹੈ



ਉਹ ਆਪ ਦੇ ਜਮਾਂਦਰੂ ਗੁਣ ਸਨ। ਉਹਨਾਂ ਦੇ ਵੱਡੇ ਸਪੁੱਤਰ, ਗੁਰਮੁਖ ਸਿੰਘ ਜੀ, ਜੋ ਅਜ ਕਲ ੭੩ ਸਾਲ ਦੇ ਬਾਬਾ ਜੀ ਹਨ, ਨੇ ਦੱਸਿਆ : ਮੈਂ 'ਉਦੋਂ' ੧੫-੧੬ ਸਾਲ ਦਾ ਸਾਂ। ਸਾਡੇ ਪਿੰਡ ਦੇ ਇਕ ਮਜ਼ਹਬੀ ਦੀਵਤ ਸਿੰਘ ਨੇ ਨਾਮਧਾਰੀਆਂ ਤੋਂ ਭਜਨ ਲੈ ਲਿਆ। ਰਛਹਿਰੇ ਦਾ ਬਾਕਾਇਦਾ ਧਾਰਨੀ ਹੋ ਗਿਆ। ਚਿੱਟੇ ਕੱਪੜੇ, ਸਿੱਧੀ ਦਸਤਾਰ ਉਹਦਾ ਸ਼ਿੰਗਾਰ ਬਣ ਗਏ। ਪਰ ਪਿੰਡ ਦੇ ਦੂਜੇ ਲੋਕਾਂ ਨੇ ਇਸ ਦਾ ਬੜਾ ਬੁਰਾ ਮਨਾਇਆ।



Sri Satguru Jagjit Singh Ji Elibrary NamdhariElibrary@gmail.com

"ਥੋੜ੍ਹੇ ਦਿਨਾਂ ਪਿਛੋਂ ਕਿਸੇ ਚਮਾਰ ਨੇ ਸਾਡੀ ਹਵੇਲੀ ਵਿਚ ਵਸਦੇ ਕਿਸ਼ਨੇ ਨਾਮੀ ਚਮਾਰ ਨੂੰ ਕਤਲ ਕਰ ਦਿਤਾ। ਪਿੰਡ ਵਿਚ ਸ੍ਰ: ਸੁੰਦਰ ਸਿੰਘ ਪਰਵਾਰ ਤੋਂ ਬਿਨਾ ਦੂਜਾ ਮਜ਼ਹਬੀਆਂ ਦਾ ਘਰ ਹੀ ਕੂਕਿਆਂ ਦਾ ਸੀ। ਅੰਗਰੇਜ਼ੀ ਸਰਕਾਰ ਤਾਂ ਕੂਕਿਆਂ ਦੇ ਖਿਲਾਫ਼ ਰਹਿੰਦੀ ਹੀ ਸੀ, ਗਵਾਹੀਆਂ ਆਦਿ ਦੀ ਰਚਨਾ ਕਰਕੇ ਨਿਰਦੋਸ਼ ਈਸ਼ਰ ਸਿੰਘ ਮਜ਼ਹਬੀ ਨੂੰ ਨਾਮਧਾਰੀ ਬਣਨ ਦੀ ਸਜ਼ਾ ਮਿਲਣ ਲਗੀ।

"ਉਸ ਸਮੇਂ ਪਿੰਡ ਦੀ ਪਰ੍ਹੇ ਤੇ ਦੂਜੇ, ਕੇਸ ਨਾਲ ਸੰਬੰਧਤ ਲੋਕਾਂ ਨੂੰ, ਵੰਗਾਰ ਕੇ ਸੂਬਾ ਜੀ ਨੇ ਹਿੱਕ ਥਾਪੜੀ : ਮੈਂ ਇਸ ਦੀ ਮਦਦ ਕਰਾਂਗਾ ਤੇ ਇਹਨੂੰ ਛੁਡਾਕੇ ਲਿਆਵਾਂਗਾ ਅਤੇ ਫਿਰ ਪੂਰੀ ਪੈਰਵੀ ਕਰਕੇ, ਮੁਕੱਦਮੇ ਤੇ ਜੋ ਵੀ ਖਰਚ ਹੋਇਆ, ਪੱਲਿਓਂ ਲੱਗਾ ਕੇ, ਏਥੋਂ ਤਕ ਕਿ ਥੁੜਦਾ ਖਰਚ ਵੇਖ ਕੇ ਥੋੜ੍ਹੀ ਜ਼ਮੀਨ ਵੀ ਗਹਿਣੇ ਰਖ ਦਿਤੀ ਅਤੇ ਸੰਤ ਈਸ਼ਰ ਸਿੰਘ ਨੂੰ ਰਿਹਾ ਕਰਵਾ ਕੇ ਹੀ ਦਮ ਲਿਆ।"

ਇਕ ਵਾਰ ਗਦੋਂ ਡੋਬ ਦੇ ਜ਼ਿਮੀਦਾਰਾਂ ਨੇ ਆਪਣੀਆਂ ਥਾਵਾਂ ਵਿਚ ਵਸਦੇ-ਰਸਦੇ ਗਰੀਬ ਹਿੰਦੂ ਘੁਮਿਆਰਾਂ ਅਤੇ ਮੁਸਲਮਾਨ ਲੁਹਾਰਾਂ ਤੇ ਕਹਿਰ ਨਾਜ਼ਲ ਕਰ ਦਿਤਾ। ਕਿਸੇ ਗੱਲੋਂ ਰੁੱਸ ਕੇ ਉਨ੍ਹਾਂ ਨੂੰ ਪਿੰਡ ਖਾਲੀ ਕਰ ਜਾਣ ਦਾ ਨਾਦਰਸ਼ਾਹੀ ਹੁਕਮ ਚਾੜ੍ਹ ਦਿਤਾ। ਸਰਦੀਆਂ ਦੇ ਦਿਨ ! ਉਹ ਕਿਧਰ ਜਾਣ ! ਉਹਨਾ ਗਰੀਬਾਂ ਦਾ ਕੋਈ ਝਾਲੂ ਨਹੀਂ ਸੀ। ਪਿੰਡ ਵਾਲੇ ਤਾਂ ਸਾਰੇ ਹੀ ਵਿਰੋਧੀ ਸਨ। ਜਿਸ ਦਾ ਤਰਲਾ ਵੀ ਇਹਨਾਂ ਜੋ ਭਿਆਣਿਆਂ ਲਿਆ ਉਹੋ ਹੀ ਅਗੋਂ ਭਿੜਕ ਕੇ ਪਿਆ। ਇਹਨਾਂ ਮਸਕੀਨਾਂ ਦੇ ਖਿਲਾਫ਼ ਜੱਟਾਂ ਦਾ ਏਕਾ ਸੀ। ਜਦੋਂ ਸੂਬਾ ਮੀਹਾਂ ਸਿੰਘ ਜੀ ਪਾਸ ਇਹ ਆਏ ਤੇ ਬਾਹੁੜੀ ਕਰਨ ਲਈ ਕਿਹਾ ਤਾਂ ਸੂਬਾ ਜੀ ਆਪਣੇ ਸ਼ਰੀਕੇ ਅਤੇ ਸਾਰੇ ਪਿੰਡ ਦੇ ਖ਼ਿਲਾਫ਼ ਡਟ ਖਲੋਤੇ। ਗ਼ਰੀਬ ਘੁਮਿਆਰਾਂ ਅਤੇ ਲੁਹਾਰਾਂ ਨੂੰ ਉਜੜਣੋਂ ਬਚਾ ਲਿਆ। ਸਰਕਾਰੇ-ਦਰਬਾਰੇ ਪਰ੍ਹੇ-ਪੰਚਾਇਤਾਂ ਵਿਚ ਜੋ ਕੁਝ ਵੀ ਕਰਨਾ ਪਿਆ, ਕੀਤਾ। ਪਰ ਆਪਣਾ ਬੋਲ ਪੁਗਾ ਕੇ ਗ਼ਰੀਬਾਂ ਦੀ ਮਦਦ ਕੀਤੀ।

ਮਾੜਿਆਂ ਮਜ਼ਲੂਮਾਂ ਦੀ ਤਰਫ਼ਦਾਰੀ ਦਾ ਇਕ ਹੋਰ ਖੇਤਰ ਵੀ ਸੀ। ਸੂਬਾ ਜੀ ਉਨ੍ਹਾਂ ਦੇ ਵਿਆਹ ਸ਼ਾਦੀਆਂ ਅਤੇ ਦੁੱਖਾਂ-ਰੋਗਾਂ ਵਿਚ ਵੀ ਅਥੱਕ ਸਹਾਇਕ ਰਹੇ। ਲੜਕੀਆਂ ਦੇ ਵਿਆਹਾਂ ਸਮੇਂ ਖਾਸ ਕਰ, ਜੋ ਵੀ ਥੁੜ੍ਹੋਂ ਕਿਸੇ ਦੇ ਘਰ ਮਹਿਸੂਸ ਕਰਦੇ, ਪੂਰੀ ਕਰਕੇ ਹੀ ਦਮ ਲੈਂਦੇ। ਆੜ੍ਹਤ ਦੀਆਂ ਦੁਕਾਨਾਂ ਤੋਂ ਪੈਸੇ, ਕਪੜੇ ਦੀਆਂ ਹੱਟਾਂ ਤੋਂ ਲੀੜਾ-ਲੱਤਾ ਆਪਣੀ ਜ਼ਾਮਨੀ ਤੇ ਲੈ ਕੇ ਦਿੰਦੇ। ਕਣਕਾਂ, ਆਟਿਆਂ ਅਤੇ ਗੁੜ-ਸ਼ੱਕਰ ਦੀਆਂ ਬੋਰੀਆਂ ਤਾਂ ਸਿਧੀਆਂ ਹੀ ਆਪਣੇ ਘਰੋਂ ਘਲ ਦਿੰਦੇ।

ਉਨ੍ਹਾਂ ਦੇ ਮਨ ਵਿਚ ਗ਼ਰੀਬ ਪ੍ਰਤੀ ਭਾਵਨਾ ਅਜਿਹੀ ਪ੍ਰਚੰਡ ਰਹਿੰਦੀ ਸੀ ਕਿ ਅੰਤ ਤਕ ਇਹੋ ਗੱਲ ਬਣੀ ਰਹੀ। ਆਪਣੇ ਉਤੇ ਲਈ ਹੋਈ ਲੋਈ ਜਾਂ ਆਸਣ ਆਪਣੇ ਤੋਂ ਮਾੜਿਆਂ ਵਾਸਤੇ ਲੱਥ ਲੱਥ ਪੈਂਦਾ। ਉੜਿਆਂ-ਥੁੜਿਆਂ ਦੀ ਇਮਦਾਦ ਵਿਚ ਆਪ ਬੇਦਰੇਗ ਹੋ, ਜ਼ਮੀਨ ਗਹਿਣੇ ਧਰ ਕੇ ਵੀ, ਗ਼ਰਜ਼ਾਂ ਪੂਰੀਆਂ ਕਰਦੇ।

ਨਾਮਧਾਰੀਆਂ ਵਿਚ, ਉਹਨੀਂ ਦਿਨੀਂ, ਸੰਤ ਨੱਥਾ ਸਿੰਘ 'ਪਤੰਗ' ਬੜੇ ਕਰਨੀ ਵਾਲੇ ਪ੍ਰਸਿੱਧ ਸਨ। ਉਨ੍ਹਾਂ ਦਾ ਇਕ 'ਭਾਈ' ਸੂਬਾ ਜੀ ਪਾਸ ਮਾਂਗਤ ਆ ਬਣਿਆ। ਉਸਨੇ



Sri Satguru Jagjit Singh Ji Elibrary NamdhariElibrary@gmail.com

ਦੱਸਿਆ ਕਿ ਬਠਿੰਡੇ ਵਿਚ ਉਸ ਦਾ ਕੋਈ ਕਾਰਖਾਨਾ ਹੈ। ਪੈਸੇ ਦੀ ਤੰਗੀ ਹਥੋਂ ਨੀਲਾਮੀ ਦੀ ਹਾਲਤ ਵਿਚ ਪਹੁੰਚ ਗਿਆ ਹੈ। ਜੇ ਹਜ਼ਾਰ ਕੁ ਰੁਪਿਆ ਹੱਥ ਲਗ ਜਾਵੇ ਤਾਂ ਸਾਰਾ ਕਾਰੋਬਾਰ ਰੁਕ ਸਿਰ ਹੋ ਸਕਦਾ ਹੈ। ਸੂਬਾ ਮੀਹਾਂ ਸਿੰਘ ਜੀ ਦੀ ਉਦਾਰਤਾ ਨੇ ਉਛਾਲਾ ਖਾਧਾ। ਆਪਣੇ ਕੋਲ ਤਾਂ ਪੈਸੇ ਹੈ ਨਹੀਂ ਸਨ। ਨੌਂ ਵਿਘੇ ਜ਼ਮੀਨ ਗਹਿਣੇ ਰੱਖੀ ਅਤੇ ੯੦੦/- ਰੁ: ਪ੍ਰਾਪਤ ਕਰਕੇ "ਪਤੰਗ ਜੀ ਦੇ ਭਾਈ" ਨੂੰ ਦੇ ਦਿਤਾ। ਭਾਵੇਂ ਇਹ ਪੈਸਾ ਉਧਾਰ ਕਰਕੇ ਲਿਆ ਸੀ, ਪਰ ਵਾਪਸ ਕਿਨ ਕਰਨਾ ਸੀ।

ਸ੍ਰੀ ਲਾਲ ਸਿੰਘ ਬੱਲੂਆਣੀਆਂ ਵੀ ਕਦੇ ਬੜਾ ਕਹਿੰਦਾ ਕਹਾਉਂਦਾ ਵਿਅਕਤੀ ਸੀ। ਉਸਦਾ ਗੁਰੂ ਘਰ ਨਾਲ ਵੀ ਬੜਾ ਨੇੜਲਾ ਸੰਬੰਧ ਸੀ। ਆਪਣੀਆਂ ਕਰਨੀਆਂ ਕਰਕੇ ਦੁਰਗਤੀ ਨੂੰ ਪ੍ਰਾਪਤ ਹੋਇਆ ਤਾਂ ਸੂਬਾ ਜੀ ਦੀ ਸ਼ਰਨ ਆ ਪਿਆ। ਇਹਨਾਂ ਆਪਣੀ ਜ਼ਮੀਨ ਗਹਿਣੇ ਰੱਖ ਕੇ ੪੦੫੦/- ਰੁ: ਦੀ ਬਜਾਜੀ ਦੀ ਦੁਕਾਨ ਪੁਆ ਦਿਤੀ ਪਰ ਜਿਸ ਕਾਰਨੋਂ ਉਹ ਗੁਰੂ ਘਰੋਂ ਵਿਛੜਿਆ ਸੀ ਉਸੇ ਦਾ ਸ਼ਿਕਾਰ ਹੋ ਗਿਆ। "ਦੁਕਾਨ ਚੋਰ ਲੁੱਟ ਕੇ ਲੈ ਗਏ।" ਆਖ ਬੋਲੀਆ ਬਿਸਤਰਾ ਵਲ੍ਹੇਟ ਤੁਰਦਾ ਹੋਇਆ। ਅਜਿਹੇ ਵਿਚ ਸੂਬਾ ਜੀ ਨੂੰ ਵਾਪਸੀ ਕੀ ਹੋਣੀ ਸੀ!

ਗੱਲ ਕੀ ਜ਼ਮੀਨ ਜਾਇਦਾਦ ਸ਼ਰਨ ਪਿਆਂ ਦੀ ਲਾਜ ਰਖਦੀ ਰਖਾਉਂਦੀ, ਇਕ ਦਿਨ ਉੱਕੀ ਪੁੱਕੀ ਹਥੋਂ ਨਿਕਲ ਗਈ। ਇਹ ਪਹਿਲੀ ਜੰਗ ਤੋਂ ਪਹਿਲਾਂ ਦੀ ਗੱਲ ਹੈ, ਜਦੋਂ ਮੰਦਵਾੜੇ ਨੇ ਕਿਸੇ ਚੀਜ਼ ਦੀ ਕੋਈ ਕੀਮਤ ਨਹੀਂ ਸੀ ਰਹਿਣ ਦਿਤੀ। ਬਾਣੀਏ, ਜਿਨ੍ਹਾਂ ਚਾਰ ਪੈਸੇ ਸੰਭਾਲੇ ਹੋਏ ਸਨ, ਭੰਗ ਦੇ ਭਾ ਜ਼ਮੀਦਾਰਾਂ ਦੀਆਂ ਹਵੇਲੀਆਂ ਦੇ ਮਾਲਿਕ ਬਣੀ ਜਾ ਰਹੇ ਸਨ।

ਇਕ ਵਾਰ ਮਾਤਾ ਭੁਪਿੰਦਰ ਕੌਰ ਜੀ, ਵਡ ਪਰਵਾਰੇ ਆਪਣੇ ਹਠੀ ਭਰਾ ਨੂੰ ਆਖਿਆ, ਜੇ ਉਹ ਚਾਹਵੇ ਤਾਂ ਮੰਤਵੋਂ ਕਰਕੇ ਗੁਰੂ ਘਰੋਂ ੧੦,੦੦੦/- ਰੁ: ਦਾ ਪ੍ਰਬੰਧ ਕਰ ਦਿੰਦੇ ਹਨ, ਜ਼ਮੀਨ ਛੁਡਾ ਕੇ ਬਾਲ ਬਚੇ ਦੀ ਪ੍ਰਤੀਪਾਲਨਾ ਕਰੇ। ਸੂਬਾ ਜੀ ਨੇ ਆਪਣੀ ਸਤਿਕਾਰ ਯੋਗ ਭੈਣ ਨੂੰ ਸਨਿਮਰ ਅਰਜ਼ ਕੀਤੀ : ਬੀਬੀ ਜੀ, ਸਤਿਗੁਰੂ ਅਗੇ ਇਹ ਅਰਜ਼ ਕਰੋ ਕਿ ਉਹ ਸਾਡੀ ਆਪਣੀ ਕਮਾਈ ਵਿਚ ਹੀ ਬਰਕਤ ਪਾਵੇ ਅਤੇ ਅਸੀਂ ਆਪ ਹੀ ਆਪਣੀ ਜ਼ਮੀਨ ਛੁਡਾਣ ਦੇ ਸਮਰੱਥ ਹੋਵੀਏ, ਗੁਰੂ ਕੀ ਰਕਮ ਭਾਵੇਂ ਮਾਂਗਵੀ ਲਈਏ ਤੇ ਭਾਵੇਂ ਮੰਤਵੀਂ, ਇਹ ਪਾਰਾ ਹੀ ਹੈ। ਪਾਰੇ ਦੀਆਂ ਬੂੰਦਾਂ ਆਪਣੇ ਪਰਵਾਰ ਦੇ ਮੂੰਹ ਨਹੀਂ ਪਾਣੀਆਂ ਚਾਹੁੰਦਾ।

ਅਤੇ ਇਕ ਦਿਨ, ਜਦੋਂ ਡੋਬ (ਗੁਰੂ ਸਰ) ਵਿਚ ਆਪਣਾ ਕੇਵਲ ਘਰ ਕੁੱਲਾ ਛੱਡ, ਪਰਵਾਰ ਨਾਲ ਨੇਹਰ, ਤ-ਜੰਤ ਤੇ ਕੁੰਡਲਾਂ ਰਿਆਸਤ ਬੀਕਾਨੇਰ ਵਿਚ ਆ ਗਏ। ਏਥੇ ਸਰਕਾਰੋਂ ਰਿਆਇਤ ਮਿਲਦੀ ਜ਼ਮੀਨ ਦੇ ੧੫-੨੦ ਵਿਘੇ ਆਪਣੇ ਬਣਾਏ। ਇਨ੍ਹਾਂ ਤੇ ਕੀਤੀ ਮਿਹਨਤ ਨੂੰ ਸਤਿਗੁਰੂ ਭਾਗ ਲਾ ਦਿਤੇ।

ਪਹਿਲੀ ਸੰਸਾਰ ਜੰਗ ਲਗ ਗਈ। ਜਿਨਸਾਂ ਦੇ ਭਾ ਤੇਜ਼ ਹੋ ਗਏ। ਦਬੱਲ ਕੇ ਕੀਤੇ ਪੁਰਸ਼ਾਰਥ ਨੇ ਦੋ ਚਾਰ ਸਾਲ ਅੰਦਰ ਹੀ ਏਨੀ ਪਦਾਰਥਕ ਸ਼ਕਤੀ ਉੱਨਤ ਕਰ ਦਿਤੀ ਕਿ ਸੂਬਾ ਜੀ ਦੀ ਸਾਰੀ ਗਹਿਣੇ ਪਈ ਜ਼ਮੀਨ ਛੁਟ ਗਈ। ਅਤੇ ਫਿਰ ਉਹ ਆਪਣੇ



Sri Satguru Jagjit Singh Ji Elibrary NamdhariElibrary@gmail.com

ਪਿੰਡ ਵਿਚ ਉਸੇ ਮਾਣ ਤਾਣ ਨਾਲ ਰਹਿਣ ਲਗੇ ਜਿਸ ਨਾਲ ਪਹਿਲਾਂ ਵਸਦੇ ਸਨ ।

... ... ... ...

ਸੂਬਾ ਮੀਹਾਂ ਸਿੰਘ ਜੀ ਵਿਚ ਮਾਂ-ਬਾਪ ਦੀ ਸੇਵਾ, ਭਾਵਨਾ, ਸਿਦਕ ਅਤੇ ਸੁਚ ਸੋਧ ਪ੍ਰਤੀ ਪਹੁੰਚ ਦਾ ਪੂਰੀ ਤਰ੍ਹਾਂ ਸਮਾਵੇਸ਼ ਸੀ, ਐਵੇਂ ਹੀ ਇਸ ਪਰਵਾਰ ਦੀ ਸਾਂਝ ਗੁਰੂ ਘਰ ਨਾਲ ਸੰਘਣੀ ਨਹੀਂ ਸੀ ਹੋਈ। ਇਸ ਦੇ ਪਿਛੇ ਕਠਿਨ ਘਾਲਣਾ ਸੀ। ਸ੍ਰ ਸੁੰਦਰ ਸਿੰਘ—ਮਾਤਾ ਰਾਮ ਕੌਰ ਤੇ ਮਾਤਾ ਦੀਆਂ ਹਮਜੋਲਨਾਂ ਦਾ ਮਨ ਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਚ ਗਹਿਰਾ ਗਡਿਆ ਹੋਇਆ ਸੀ।

ਇਹ ਉਹ ਦਿਨ ਸਨ ਜਦੋਂ ਪੀਣ ਲਈ ਪਾਣੀ, ਇਸ ਇਲਾਕੇ ਨੂੰ, ਛੱਪੜਾਂ ਅਤੇ ਡਿੱਘੀਆਂ ਵਿਚੋਂ ਵੀ ਬ-ਮੁਸ਼ਕਲ ਲਭਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਇਕ ਉਪਦੇਸ਼ (ਕੈਸੇਟ ਵਿਚ ਸੰਭਾਲਿਆ) ਵਿਚ ਮਾਤਾ ਰਾਮ ਕੌਰ ਜੀ ਤੇ ਇਨ੍ਹਾਂ ਦੀ ਭਰਜਾਈ ਦੀ ਯਾਦ ਦਿਲਾਈ ਸੀ। ਇਹ ਦਰਾਣੀਆਂ ਜਠਾਣੀਆਂ, ਨਣਾਨਾਂ ਭਰਜਾਈਆਂ ਮਿਲਕੇ ਉਨ੍ਹੇ ਕਪੜੇ ਦੀਆਂ ਕਫਨੀਆਂ ਪਾਈ ਪਿੰਡੋਂ ੩-੪ ਕੋਹ ਤੇ ਪੈਂਦੇ ਕਿਸੇ ਪਿੰਡ-ਕਸਬੇ ਦੀ ਡਿਘੀ ਤੋਂ ਸੁੱਚਾ ਜਲ ਲੈਣ ਗਈਆਂ। ਤੁਰੇ ਆਉਂਦਿਆਂ ਅਨ੍ਹੇਰੀ ਝੁੱਲ ਪਈ। ਰਾਜਸਥਾਨ ਦੀ ਨੇੜਤਾ, ਖੁਸ਼ਕ ਇਲਾਕੇ ਦੇ ਰੇਤ-ਟਿਬੇ, ਤੇਜ਼ ਹਵਾ, ਸਭ ਨੇ ਮਿਲਕੇ ਅਜਿਹੀ ਸਥਿਤੀ ਪੈਦਾ ਕਰ ਦਿਤੀ ਕਿ ਇਹ ਬੀਬੀਆਂ ਰਾਹੋਂ ਕੁਰਾਹੇ ਜਾ ਪਈਆਂ। ਜਦੋਂ ਕਿਸੇ ਨਾਲ ਦੇ ਪਿੰਡ ਗਲਤੀ ਨਾਲ ਪੁੱਜੀਆਂ ਤਾਂ ਲੋਕਾਂ ਨੇ ਹਮਦਰਦੀ ਵਜੋਂ ਉਨ੍ਹਾਂ ਦੇ "ਤੌੜੇ" (ਘੜੇ) ਲੁਹਾਉਣ ਲਈ ਹੱਥ ਵਧਾਏ ਤਾਂ ਬੀਬੀਆਂ "ਨਾ-ਨਾ" ਕਰ ਕੇ ਪਿਛੇ ਹੱਟ ਗਈਆਂ : ਸਾਡੇ ਘੜਿਆਂ ਨੂੰ ਹੱਥ ਨਾ ਲਾਉਣਾ। ਇਹਨਾਂ ਵਿਚ ਸੋਧ ਦਾ ਜਲ ਹੈ।

ਹਨੇਰੀ ਨਾਲ ਪਰੇਸ਼ਾਨ ਹੋਣਾ, ਪੁੱਠੇ ਸਿੱਧੇ ਰਾਹਾਂ ਤੇ ਜਾ ਪੈਣਾ, ਸਿਰ ਉਤੇ ੨੫-੨੫, ੩੦-੩੦ ਕਿਲੋ ਪਾਣੀ ਦਾ ਭਾਰ ਚੁਕਿਆ ਹੋਣਾ, ਇਸਤਰੀ ਜਾਮਾ ਹੋਣਾ—ਇਹ ਸਾਰੇ ਕਾਰਨ ਦੁੱਖ ਦੇ ਪ੍ਰਗਟਾਵੇ ਲਈ ਕਾਫੀ ਹਨ। ਪਰ ਇਹਨਾਂ ਪ੍ਰੇਮ ਰੱਤੀਆਂ ਗੁਰੂ ਸੇਵਕ ਬੀਬੀਆਂ ਨੇ ਗੁਰ ਮਰਿਆਦਾ ਵਿਚ ਚਲਣ ਦਾ ਇਹ ਮੁੱਲ ਹੱਸ ਕੇ ਤਾਰਿਆ। ਪ੍ਰੀਖਿਆ ਦੀਆਂ ਘੜੀਆਂ ਰੋਜ਼ ਰੋਜ਼ ਨਹੀਂ ਆਉਂਦੀਆਂ ਤੇ ਜਦੋਂ ਕੋਈ ਹੱਸ-ਤੁੱਸ ਕੇ ਇਹ ਔਖੇ ਪਲ ਲੰਘਾ ਲਏ ਫਿਰ ਅਗੇ ਖ਼ੂਬਸੂਰਤ ਵਾਦੀਆਂ ਵਿਚ ਹੀ ਪਰਵੇਸ਼ ਹੁੰਦਾ ਹੈ। ਸਿਆਣੇ ਕਹਿੰਦੇ ਹਨ : ਸੁਰਗ ਦਾ ਰਾਹ ਨਰਕਾਂ ਵਿਚਦੀ ਲੰਘਦਾ ਹੈ।

ਇਹ ਤਪੱਸਿਆ ਭਰਿਆ ਜੀਵਨ ਹੀ ਸੀ ਜਿਸ ਦੀ ਪੁਕਾਰ ਗੁਰੂ ਘਰ ਨੇ ਨੇੜਿਓਂ ਹੋ ਕੇ ਸੁਣੀ। ਜਿਸ ਕਾਰਨ ਮਾਤਾ ਰਾਮ ਕੌਰ ਪਿਤਾ ਸ: ਸੁੰਦਰ ਸਿੰਘ ਜੀ ਦੀ ਪੁਤਰੀ ਬੀਬੀ ਵੀਰਾਂ (ਗੁਰੂ ਘਰ ਵਿਚ ਜਾ ਕੇ ਮਾਤਾ ਭੁਪਿੰਦਰ ਕੌਰ) ਜੀ ਪਰਵਾਰਕ ਤੇ ਸਮਾਜਕ ਰੁਕਾਵਟਾਂ ਤੇ ਕਾਬੂ ਪੈ ਕੇ ਨਾਮਧਾਰੀ ਜਗਤ ਦੀਆਂ ਅੱਖੀਆਂ ਦਾ ਸਤਿਕਾਰਯੋਗ ਤਾਰਾ ਬਣੇ ।

... ... ... ...

ਆਪਣੇ ਦਾਦਾ ਸ੍ਰ: ਹਮੀਰ ਸਿੰਘ ਦੀ ੮੦੦ ਏਕੜ ਜ਼ਮੀਨ ਉਸਦੇ ਦੋਹਾਂ ਪੁੱਤਰਾਂ,



Sri Satguru Jagjit Singh Ji Elibrary NamdhariElibrary@gmail.com

ਸ: ਸੱਦਾ ਸਿੰਘ ਨੰਬਰਦਾਰ ਅਤੇ ਸ: ਸੁੰਦਰ ਸਿੰਘ ਵਿਚਾਲੇ ੪੦੦-੪੦੦ ਏਕੜ ਕਰਕੇ ਵੰਡੀ ਗਈ। ਅਗੇ ਸ: ਸੁੰਦਰ ਸਿੰਘ ਜੀ ਦੇ ਤਿੰਨ ਸਪੁੱਤਰ ਹੋਏ, ਸ: ਕਿਰਪਾਲ ਸਿੰਘ, ਸੰਤ ਮੀਹਾਂ ਸਿੰਘ ਸੂਬਾ ਅਤ ਸੂਬਾ ਨਾਹਰ ਸਿੰਘ। ਇਸ ਵਿਕਾਸ ਨੇ ਜ਼ਮੀਨ ਨੂੰ ਹੋਰ ਵੀ ਵਿਭਾ-



ਸੂਬਾ ਮੀਹਾਂ ਸਿੰਘ ਜੀ—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ
ਵਾਰਤਾਲਾਪ ਕਰਦਿਆਂ ਮਿਤੀ ੨੭-੬-੧੯੮੧। ਫੋਟੋ : ਪ. ਸ. ਕ.

ਜਤ ਕਰ ਦਿਤਾ। ੧੩੩-੧੩੩ ਏਕੜ ਤਿੰਨਾਂ ਭਰਾਵਾਂ ਵਿਚ ਹਿਸਾ ਵੰਡੀਜ ਗਿਆ। ਕਿਸਾਨੀ ਦੇ ਆਮ ਜੀਵਨ ਵਿਚ ਵਿਰਸਾ-ਵੰਡ ਹੇਠਾਂ ਤੋਂ ਹੇਠਾਂ ਹੀ ਤੁਰੀ ਜਾਂਦੀ ਹੈ ਬਹੁਤ ਘੱਟ ਐਸੇ ਪਰਵਾਰ ਮਿਲਦੇ ਹਨ ਜੋ ਅਪਣੀ ਜ਼ਮੀਨ ਨੂੰ ਵਿਰਸਿਓਂ ਵਧਾ ਸਕਣ।

ਅਪਣੇ ਭਰਾਵਾਂ 'ਚੋਂ' ਸੂਬਾ ਮੀਹਾਂ ਸਿੰਘ ਜੀ ਨੂੰ ਦੋ ਸ਼ਾਦੀਆਂ ਕਰਨ ਦਾ ਅਵਸਰ ਮਿਲਿਆ। ਪਹਿਲਾ ਵਿਆਹ ੧੯੦੪ ਈ: ਵਿਚ ਹੋਇਆ, ਜਿਹੜਾ ਬੜਾ ਥੋੜਾ ਅਰਸਾ ਹੀ ਨਿਭ ਸਕਿਆ। ੧੯੦੬ ਵਿਚ ਪਹਿਲੀ ਵਿਵਾਹਿਤਾ ਦਾ ਅੰਤ ਹੋ ਗਿਆ। ੧੯੦੭ ਵਿਚ ਦੂਜਾ ਵਿਆਹ ਬੀਬੀ ਦਾਨ ਕੌਰ(ਪਿੰਡ ਭੈਗ ਜੜੀ, ਜ਼ਿਲਾ ਬਠਿੰਡਾ) ਨਾਲ ਹੋ ਗਿਆ। ਬੀਬੀ ਦਾਨ ਕੌਰ ਦੁਆਰਾ ਸੂਬਾ ਜੀ ਦੇ ੯ ਬੱਚੇ ਜਨਮੇ, ੪ ਲੜਕੇ, ੫ ਬੀਬੀਆਂ। ਵੇਰਵਾ ਇਸ ਪਰਕਾਰ ਹੈ :

੧. ਬੀਬੀ ਨਿਹਾਲ ਕੌਰ ਜਨਮ ੧੯੦੯ ਈ:
੨. ਸੰਤ ਗੁਰਮੁਖ ਸਿੰਘ ਜਨਮ ੧੯੧੦ ਈ:
੩. ਸੰਤ ਖਿਉਣ ਸਿੰਘ ਜਨਮ ੧੯੧੨ ਈ:



Sri Satguru Jagjit Singh Ji Elibrary NamdhariElibrary@gmail.com

੪. ਸ੍ਰੀ ਜੈ ਸਿੰਘ ਜਨਮ ੧੯੧੪ ਈ:
੫. ਬੀਬੀ ਮਹਿੰਦਰ ਕੌਰ ਜਨਮ ੧੯੧੬ ਈ:
੬. ਬੀਬੀ ਜਸਵੰਤ ਕੌਰ ਜਨਮ ੧੯੧੯ ਈ:
੭. ਬੀਬੀ ਬਲਵੰਤ ਕੌਰ ਜਨਮ ੧੯੨੦ ਈ:
੮. ਸ੍ਰੀ ਭੁਪਿੰਦਰ ਸਿੰਘ ਜਨਮ ੧੯੨੨ ਈ:
੯. ਬੀਬੀ ਬਸੰਤ ਕੌਰ ਜਨਮ ੧੯੨੪ ਈ:

ਇਹ ਸਾਰੇ ਬੱਚੇ ਮੁਨਾਸਬ ਉਮਰ ਵਿਚ ਵਿਆਹੇ ਗਏ। ਇਹਨਾਂ ਵਿਚੋਂ ਬੀਬੀ ਨਿਹਾਲ ਕੌਰ ਦਾ ਵਰ ਯੋਗ ਹੋਣ ਤੇ, ਸ੍ਰੀ ਭੈਣੀ ਸਾਹਿਬ ਤੋਂ ਉੱਤਰ ਦਿਸ਼ਾ ਵਲ ਲਗਭਗ ੮ ਕਿਲੋਮੀਟਰ ਦੇ ਫਾਸਲੇ ਤੇ, ਪਿੰਡ ਰਾਖ ਦੇ, ਇਕ ਸਰਦਾਰ ਕੇਹਰ ਸਿੰਘ ਜੀ ਨਾਲ ਅਨੰਦ ਕੀਤਾ ਗਿਆ। ਸ੍ਰ: ਕੇਹਰ ਸਿੰਘ ਜ਼ਮੀਨ ਜਾਇਦਾਦ ਵਲੋਂ ਤਾਂ ਛੋਟੇ-ਮੋਟੇ ਜਾਗੀਰਦਾਰ ਸਨ। ਪਰ ਇਹਨਾਂ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨਾਲ ਸੰਘਣਾ ਸਨੇਹ ਸੀ। ਸ੍ਰ: ਕੇਹਰ ਸਿੰਘ ਸਤਿਗੁਰੂ ਜੀ ਦੇ ਅਜਿਹੇ ਵਿਸ਼ਵਾਸ ਪਾਤਰ ਸਨ ਕਿ ਜਦੋਂ ਨਾਮ-ਧਾਰੀ ਦਰਬਾਰ ਦੇ ਪ੍ਰਧਾਨ ਸ੍ਰ: ਲਛਮਣ ਸਿੰਘ ਜੀ ਬਹੁਤ ਬਿਰਧ ਹੋ ਗਏ, ਜੋ ਕਿ ਸਤਿਗੁਰਾਂ ਵਲੋਂ ਮੁਖਤਾਰਿ ਆਮ ਵੀ ਸਨ, ਤਾਂ ਸਰਦਾਰ ਕੇਹਰ ਸਿੰਘ ਜੀ ਨੂੰ ਹੀ ਗੁਰੂ ਜੀ ਵਲੋਂ ਆਮ ਮੁਖਤਾਰੀ ਦਿਤੀ ਗਈ। ਇਹ ਸ੍ਰ: ਕੇਹਰ ਸਿੰਘ ਜੀ ਗੁਰੂ ਘਰ ਦੀ ਸੇਵਾ ਕਰਦਿਆਂ ੧੯੫੮ ਈ: ਵਿਚ ਪੂਰੇ ਹੋ ਗਏ।

ਦੂਜੀ ਬੀਬੀ ਮਹਿੰਦਰ ਕੌਰ ਜ਼ਿਲਾ ਬਠਿੰਡਾ ਦੇ ਪਿੰਡ ਸਰਜਾ ਮਾਹਿਮਾ ਦੇ ਸ੍ਰ: ਸ਼ਮਸ਼ੇਰ ਸਿੰਘ ਨਾਲ ਵਿਆਹੀ ਗਈ। ਇਹ ਵੀ ਡਾਢਾ ਪ੍ਰੇਮੀ ਗੁਰਸਿਖ ਪਰਵਾਰ ਸੀ।

ਤੀਜੀ ਬੀਬੀ ਜਸਵੰਤ ਕੌਰ, ਸ੍ਰ: ਟਹਿਲ ਸਿੰਘ, ਪਿੰਡ ਚੀਚਾ ਭਕਨਾ ਜ਼ਿਲਾ ਅੰਮ੍ਰਿਤਸਰ ਨਾਲ ਵਿਵਾਹਿਤ ਹੋਈ। ਇਸ ਘਰ ਦਾ ਗੁਰੂ ਘਰ ਨਾਲ ਦਿਲੀ ਪਿਆਰ ਸੀ।

ਚੌਥੀ ਲੜਕੀ, ਬੀਬੀ ਬਲਵੰਤ ਕੌਰ ਦੀ ਸ਼ਾਦੀ ਸਤਿਗੁਰੂ ਜੀ ਦੇ, ਬੜੇ ਦਰਸ਼ਨੀ ਅਤੇ ਖੜਕੰਮਾ ਬੁੱਢੀ ਸਿੱਖ ਸ੍ਰ: ਜੰਗ ਸਿੰਘ ਰਾਜਾ ਜੰਗ ਨਾਲ ਹੋਈ। ਲਾਹੌਰ ਜ਼ਿਲੇ ਦਾ ਇਹ ਖਾਨਦਾਨ ਵੀ ਵਾਹਰੇ ਵਿਚ ਪ੍ਰਸਿਧ ਸੀ।

ਸੂਬਾ ਜੀ ਦੀ ਪੰਜਵੀਂ ਤੇ ਸਭ ਤੋਂ ਛੋਟੀ ਸਪੁਤਰੀ ਬੀਬੀ ਬਸੰਤ ਕੌਰ ਸ੍ਰ: ਮਹਿੰਦਰ ਸਿੰਘ, ਪਿੰਡ ਨਕੋੜਾ (ਸਰਸਾ) ਦੇ ਘਰ ਦੀ ਸ਼ੋਭਾ ਹਨ। ਸ੍ਰ: ਮਹਿੰਦਰ ਸਿੰਘ ਭੀ ਸਤਿਗੁਰੂ ਜੀ ਦੇ ਅਤਿ ਵਿਸ਼ਵਾਸ ਪਾਤਰ ਤੇ ਨਾਮਧਾਰੀ ਪੰਥ ਵਿਚ ਤਕੜੀ ਸਤਿਕਾਰ ਯੋਗ ਥਾਂ ਰਖਦੇ ਹਨ।

ਇੰਜ ਸੂਬਾ ਜੀ ਦੀਆਂ ਪੁੱਤਰੀਆਂ ਵੀ ਨਾਮਧਾਰੀ ਪੰਥ ਦਾ ਨਾਮ ਉੱਚਾ ਕਰਨ ਵਾਲੀਆਂ ਹਸਤੀਆਂ ਦਾ ਸ਼ਿੰਗਾਰ ਬਣੀਆਂ ਹਨ। ਇਸ ਵੇਲੇ ਵੱਡਾ ਸਪੁਤਰ ਸੰਤ ਗੁਰਮੁਖ ਸਿੰਘ ਪਿੰਡ ਗੁਰੂ ਦੀ ਮਾੜੀ, ਜ਼ਿਲਾ ਬੀਕਾ ਨੇਰ (ਰਾਜਸਥਾਨ) ਵਿਚ ਪਰਵਾਰ ਸਮੇਤ ਸੁਖ ਮਾਣਦਾ ਅਤੇ ਸਤਿਗੁਰੂ ਜੀ ਨਾਲ ਅਪਾਰ ਸਨੇਹ ਰਖਦਾ ਹੈ।

ਸੰਤ ਖ਼ਿੜ੍ਹਨ ਸਿੰਘ, ਦੂਜਾ ਲੜਕਾ, ਸੰਤ ਨਗਰ (ਸਰਸਾ) ਵਿਚ ਸਪਰਿਵਾਰ ਕਿਰਤ-ਜੁਟਿਆ ਸਤਿਗੁਰੂ ਜੀ ਦਾ ਪ੍ਰੇਮ ਪਾਤਰ ਹੈ।



Sri Satguru Jagjit Singh Ji Elibrary NamdhariElibrary@gmail.com

ਸ੍ਰ: ਜੋ ਸਿੰਘ ਅਤੇ ਸ੍ਰ: ਭੁਪਿੰਦਰ ਸਿੰਘ ਅਪਣੇ ਜੱਦੀ ਪਿੰਡ, ਗਦੋਂ ਭੇਖ ਵਿਚ ਰਹਿੰਦੇ ਹਨ।

... ... ... ...

ਏਨੇ ਵਡੇ ਪਰਵਾਰ ਦੇ ਪਿਤਾ ਦੇ ਮਨ ਵਿਚ ਤਾਂ ਸੰਨਿਆਸ ਅਤੇ ਸੇਵਾ ਹੀ ਸਮਾਏ ਰਹੇ। ਬੱਚਿਆਂ ਨੂੰ ਹੌਂਦਲ ਤੇਲ ਕਰਕੇ, ਜ਼ਿਮੇਵਾਰੀਆਂ ਅਤੇ ਜ਼ਮੀਨ ਵੰਡ ਕੇ, ਪੰਜਵਾਂ ਹਿੱਸਾ ਜ਼ਮੀਨ ਦਾ ਆਪ ਰੱਖ, ਸਮੁੱਚੇ ਤੌਰ ਤੇ ਗੁਰੂ ਘਰ ਆ ਗਏ। ਉਹਨਾਂ ਦੇ ਮਨ-ਮਸਤਕ ਵਿਚ ਇਕ ਭਾਵਨਾ ਛਾਈ ਰਹਿੰਦੀ ਸੀ :

ਮਾਈ ਚਰਨ ਗੁਰ ਮੀਠੇ।
ਵਡੈ ਭਾਗ ਦੇਵੈ ਪਰਮੇਸਰਿ
ਕੋਟਿ ਫਲਾ ਦਰਸਨ ਗੁਰ ਡੀਠੇ।

ਗੁਰੂ ਘਰ ਵਿਚੋਂ ਜੋ ਕੁਝ ਉਹ ਛਕਦੇ ਛਕਾਂਦੇ ਆਪਣੀ ਜ਼ਮੀਨ ਦੇ ਹਿੱਸੇ ਵਿਚੋਂ ਉਸਦੀ ਮੁੜਵਾਈ ਇਕ ਜਾਂ ਦੂਜੇ ਬਹਾਨੇ ਕਰਦੇ ਰਹਿੰਦੇ। ਜਦੋਂ ਆਪ ਚਲਣੋਂ ਫਿਰਨੋਂ ਰਹਿ ਗਏ ਤਾਂ ਉਨ੍ਹਾਂ ਆਪਣੇ ਹਿਸੇ ਦੀ ੧੮ ਏਕੜ ਜ਼ਮੀਨ ਗੁਰੂ ਘਰ ਨੂੰ ਭੇਂਟ ਕਰ ਦਿਤੀ। ਇਹ ਕਹਿ ਕੇ ਕਿ ਉਹਨਾਂ ਦੀ ਸੇਵਾ ਤੇ ਦੇਖ ਰੇਖ ਜੋ ਗੁਰੂ ਘਰ ਨੇ ਹੀ ਕਰਨੀ ਹੈ ਤਾਂ ਉਹਨਾਂ ਦੇ ਹਿਸੇ ਦੀ ਜ਼ਮੀਨ ਵੀ ਗੁਰੂ ਕੀ ਸੇਵਾ ਵਿਚ ਅਰਪਣ ਕੀਤੀ ਜਾਵੇਗੀ।

ਇਕ ਵਾਰ, ਸਤਿਗੁਰੂ ਜੀ ਨੇ ਸੂਬਾ ਜੀ ਨੂੰ ਇਸ ਗੱਲੋਂ ਹੋੜਿਆ ਵੀ ਪਰ ਸੂਬਾ ਜੀ ਨੇ ਨਾਰਾਜ਼ਗੀ ਪਰਗਟ ਕੀਤੀ ਕਿ ਉਹ ਨਹੀਂ ਚਾਂਹਦੇ ਉਹਨਾਂ ਦੀ ਜ਼ਮੀਨ ਦਾ ਹਿੱਸਾ ਉਨ੍ਹਾਂ ਦੇ ਬੱਚਿਆਂ ਵਲ ਜਾਵੇ। ਉਹਨਾਂ ਸਤਿਗੁਰੂ ਜੀ ਨੂੰ ਸਨਿਮਰ ਜ਼ੋਰ ਦਿਤਾ ਕਿ ਇਹ ਜ਼ਮੀਨ ਦਾ ਟੁਕੜਾ ਗੁਰੂ ਘਰ ਅਤੇ ਸਾਧ ਸੰਗਤ ਦੀ ਸੇਵਾ ਵਿਚ ਰਹਿਣਾ ਬਣਦਾ ਹੈ। ਉਹਨਾਂ ਦਾ ਮਨ ਸਤਿਗੁਰੂ ਜੀ ਅਤੇ ਸੰਗਤ ਦੀ ਸੇਵਾ ਵਿਚ ਹੀ ਸੁਖ ਭਾਲਦਾ ਅਤੇ ਪ੍ਰਾਪਤ ਕਰਦਾ ਹੈ।

ਅਤੇ ਅਜਿਹੇ ਸੂਬਾ ਜੀ ਹੁਣ ਸਾਥੋਂ ਸਦੀਵੀ ਵਿਛੋੜਾ ਲੈ ਗਏ ਹਨ। ਸੂਬਾ ਮੀਹਾਂ ਸਿੰਘ ਜੀ ਦਾ ਜੀਵਨ ਗੁਰਬਾਣੀ ਦੇ ਇਸ ਸ਼ਬਦ ਤੇ ਅੱਖਰ ਅੱਖਰ ਢੁਕਦਾ ਹੈ :

ਮਾਨ ਮੋਹ ਅਰ ਲੋਭ ਵਿਕਾਰਾ
ਬੀਓ ਚੀਤਿ ਨ ਘਾਲਿਓ।
ਨਾਮ ਰਤਨੁ ਗੁਣਾ ਹਰਿ ਬਣਜੇ
ਲਾਦਿ ਵਖਰੁ ਲੈ ਚਾਲਿਓ। ੧।
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ।
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ। ੧। ਰਹਾਉ।
ਜੈਸੀ ਆਗਿਆ ਕੀਨੀ ਠਾਕੁਰਿ
ਤਿਸਤੇ ਮੁਖੁ ਨਹੀਂ ਮੋਰਿਓ।
ਸਹਜੁ ਆਨੰਦੁ ਰਖਿਓ ਗ੍ਰਿਹ ਭੀਤਰਿ



Sri Satguru Jagjit Singh Ji Elibrary NamdhariElibrary@gmail.com

ਉਠਿ ਉਆਹੂ ਕਉ ਦਉਰਿਓ । ੨ ।
ਆਗਿਆ ਮਹਿ ਭੂਖ ਸੋਈ ਕਰਿ ਸੂਖਾ
ਸੋਗ ਹਰਖ ਨਹੀਂ ਜਾਨਿਓ ।
ਜੋ ਜੋ ਹੁਕਮੁ ਭਇਓ ਸਾਹਿਬ ਕਾ
ਸੋ ਮਾਥੈ ਲੇ ਮਾਨਿਓ । ੩ ।
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ
ਸਵਰੇ ਹਲਤ ਪਲਾਤਾ ।
ਧੰਨੁ ਸੇਵਕੁ, ਸਫਲੁ ਓਹੁ ਆਇਆ
ਜਿਨਿ ਨਾਨਕੁ ਖਸਮੁ ਪਛਾਤਾ । ੪। ੫ ।

—ਮਾਰੂ ਮਹਲਾ ੫, ਆਦਿ ਗ੍ਰੰਥ, ਪੰਨਾ ੧੦੦੦

... ... ... ...

ਸੰਤ ਸੁੰਦਰ ਸਿੰਘ ਜੀ ਦੇ ਪਰਵਾਰ ਦਾ, ਪੁਤਰ ਪੋਤਰਿਆਂ ਅਤੇ ਪੜੋਤਰਿਆਂ ਤਕ ਦਾ, ਗੁਰੂ ਘਰ ਨਾਲ ਪ੍ਰੇਮ ਹੈ । ਸੂਬਾ ਮੀਹਾਂ ਸਿੰਘ ਜੀ ਦੇ ਛੋਟੇ ਭਾਈ ਸ: ਨਾਹਰ ਸਿੰਘ ਜੀ ਦਾ ਵੀ ਗੁਰੂ ਘਰ ਨਾਲ ਅਟੁਟ ਤੇ ਅਡੋਲ ਸੰਬੰਧ ਰਿਹਾ ਹੈ । ਸੂਬਾ ਜੀ ਦੇ ਭੈਣੀ ਸਾਹਿਬ ਨਿਵਾਸੀ ਹੋ ਜਾਣ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ: ਨਾਹਰ ਸਿੰਘ ਜੀ ਨੂੰ ਸੂਬਾ ਪਦਵੀ ਬਖਸ਼ ਕੇ ਸਾਰੇ ਮਾਲਵੇ ਦੇ ਪ੍ਰਬੰਧ ਦੀਆਂ ਜ਼ਿਮੇਂਵਾਰੀਆਂ ਸੌਂਪੀਆਂ । ਸੂਬਾ ਨਾਹਰ ਸਿੰਘ ਜੀ ਨੇ ਵੀ ਜ਼ਿੰਦਗੀ ਦੇ ਆਖਰੀ ਪਲ ਤਕ ਸੂਬਾ ਪਦਵੀ ਤੇ ਵਿਰਾਜਮਾਨ ਰਹਿ ਕੇ ਗੁਰੂ ਘਰ ਦੀ ਸੇਵਾ ਕੀਤੀ ।

ਸੂਬਾ ਨਾਹਰ ਸਿੰਘ ਜੀ ਦੇ ਸਪੁਤ੍ਰ ਸ: ਰਾਜਿੰਦਰ ਸਿੰਘ ਨੇ ਨਾਮਧਾਰੀ ਸਮਾਜ ਦੇ ਹੈੱਡ ਕੁਆਰਟਰ ਦੇ ਸਪਤਾਹਕ ਪੱਤਰ "ਸਤਿਜੁਗ" ਦੇ ਸੰਪਾਦਕ ਬਣਕੇ ਇਕ ਲੰਮਾ ਸਮਾ ਸੇਵਾ ਕੀਤੀ । ਇਸ ਨੂੰ ਪੜ੍ਹਨ ਯੋਗ ਅਤੇ ਦਿਲਚਸਪ ਬਣਾਈ ਰਖਿਆ । ਹੁਣ ਵੀ ਉਹ ਸਤਿਗੁਰੂ ਜੀ ਦੇ ਪਿਆਰ ਤੇ ਧਿਆਨ ਦਾ ਪਾਤਰ ਹੈ,ਰਜਿੰਦਰ ਸਿੰਘ ਨੂੰ ਵਰਤਮਾਨ ਸਤਿਗੁਰੂ ਜੀ ਦੇ ਸਹਿਪਾਠੀ ਹੋਣ ਦਾ ਮਾਣ ਪ੍ਰਾਪਤ ਹੈ । ਇਸ ਤੋਂ ਵੀ ਅੱਗੇ, ਉਹ ਸਤਿਗੁਰੂ ਜੀ ਦੀ ਮਿਤਰਤਾ ਦੇ ਘੇਰੇ ਦਾ ਇਕ ਰਤਨ ਰਿਹਾ ਹੈ ।

ਸੂਬਾ ਮੀਹਾਂ ਸਿੰਘ ਜੀ ਦੇ ਛੋਟੇ ਸਪੁੱਤਰ ਸ: ਭੁਪਿੰਦਰ ਸਿੰਘ ਨੂੰ ਤਾਂ ਸਤਿਗੁਰੂ ਜੀ ਪ੍ਰਤੀ ਬਾਲ ਉਮਰ ਦੇ ਪੂਰੇ ਵਤੀਰੇ ਦਾ ਸਨਮਾਨ, ਸਤਿਕਾਰ ਅਤੇ ਖੁਰਾਕ-ਪੁਸ਼ਾਕ ਮਿਲਦੀ ਰਹੀ ਹੈ । ਓਦੋਂ ਭੁਪਿੰਦਰ ਸਿੰਘ 'ਸੁਕਦੇਵ' ਨਾਮ ਨਾਲ ਨਾਮਧਾਰੀ ਹਲਕਿਆਂ ਵਿਚ ਜਾਣੇ ਜਾਂਦੇ ਸਨ ।

... ... ... ...

ਅਜ ਸੂਬਾ ਜੀ ਭਾਵੇਂ ਸਾਡੇ ਵਿਚ ਨਹੀਂ ਰਹੇ ਪਰ ਉਹਨਾਂ ਦੀ ਕਰਨੀ ਅਤੇ ਭਾਵਨਾ ਸਦਾ ਹੀ ਸਾਡਾ ਰਾਹ ਰੁਸ਼ਨਾਂਦੀ ਰਹੇਗੀ ਅਤੇ ਗੁਰੂ ਚਰਨਾਂ ਦੀ ਪ੍ਰੀਤੀ ਵਿਚ ਜੀਵਨ ਬਿਤਾਣ ਲਈ ਪ੍ਰੇਰਨਾ ਦਿੰਦੀ ਰਹੇਗੀ ।

---

ਛਾਪਕ । ਅਵਾਮੀ ਪ੍ਰਿੰਟਿੰਗ ਪ੍ਰੈਸ ਜਲੰਧਰ—੧੪੪੦੦੧



JASPAL SINGH NAMDHARI
41 NEW MODEL TOWN
PHAGWARA (INDIA)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## ਗੁਰਸਿਖ

ਸਤਿਗੁਰ ਸਰਣੀ ਜਾਇ, ਸੀਸੁ ਨਿਵਾਇਆ ।
ਗੁਰ ਚਰਣੀ ਚਿਤੁ ਲਾਇ, ਮੱਥਾ ਲਾਇਆ ।
ਗੁਰਮਤਿ ਰਿਦੈ ਵਸਾਇ, ਆਪੁ ਗਵਾਇਆ ।
ਗੁਰਮੁਖਿ ਸਹਜਿ ਸੁਭਾਇ, ਭਾਣਾ ਭਾਇਆ ।
ਸਬਦ ਸੁਰਤਿ ਲਿਵ ਲਾਇ, ਹੁਕਮੁ ਕਮਾਇਆ ।
ਸਾਧ ਸੰਗਤਿ ਭੈ ਭਾਇ, ਨਿਜ ਘਰਿ ਪਾਇਆ ।
ਚਰਣ ਕਵਲ ਪਤੀਆਇ, ਭਵਰੁ ਲੁਭਾਇਆ ।
ਸੁਖ ਸੰਪਟ ਪਰਚਾਇ, ਅਪਿਓ ਪੀ ਆਇਆ ।
ਧੰਨ ਜਣੇਦੀ ਮਾਇ, ਸਹਿਲਾ ਆਇਆ । ੨੦ ।

—ਭਾਈ ਗੁਰਦਾਸ, ਵਾਰ ਤੀਜੀ

---

ਭੇਟਾ ੧-੫੦

ਮੁਖ ਪੰਨੇ ਦੀ ਤਸਵੀਰ

ਸੂਬਾ ਮੀਹਾਂ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ,
ਸੰਤ ਤਰਸੇਮ ਸਿੰਘ ਜੀ

ਫੋਟੋਕਾਰ : ਹਰਭਜਨ ਬਾਜਵਾ

Sri Satguru Jagjit Singh Ji Elibrary NamdhariElibrary@gmail.com